ਕਵਿਤਾ :

# ਪਾਠ - 1

## ਕਰਤਾਰ ਸਿੰਘ ਸਰਾਭੇ ਦਾ ਹਿੰਦ ਵਾਸੀਆਂ ਨੂੰ ਅੰਤਿਮ ਸੰਦੇਸ਼



ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲ ਤੋਂ ਨਾ ਭੁਲਾ ਜਾਣਾ।
ਖ਼ਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ,
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।
ਦੇਸ਼-ਵਾਸੀਓ ਚਮਕਣਾ ਚੰਦ ਵਾਂਗੂ,
ਕਿਤੇ ਬੱਦਲਾਂ ਹੇਠ ਨਾ ਆ ਜਾਣਾ।
ਕਰਕੇ ਦੇਸ਼ ਦੇ ਨਾਲ਼ ਧ੍ਰੋਹ ਯਾਰੋ,
ਦਾਗ਼ ਕੌਮ ਦੇ ਮੱਥੇ ਨਾ ਲਾ ਜਾਣਾ।
ਮੂਲ਼ਾ ਸਿੰਘ, ਕਿਰਪਾਲ, ਨਵਾਬ ਵਾਂਗੂੰ,
ਅਮਰ ਸਿੰਘ ਨਾ ਕਿਸੇ ਕਹਾ ਜਾਣਾ।
ਜੇਲ੍ਹਾਂ ਹੋਣ ਕਾਲਜ ਵਤਨ ਸੇਵਕਾਂ ਦੇ,
ਦਾਖ਼ਲ ਹੋ ਕੇ ਡਿਗਰੀਆਂ ਪਾ ਜਾਣਾ।
ਹੁੰਦੇ ਫੇਲ੍ਹ ਬਹੁਤੇ ਅਤੇ ਪਾਸ ਥੋੜ੍ਹੇ,
ਵਤਨ ਵਾਸੀਓ ਦਿਲ ਨਾ ਢਾਹ ਜਾਣਾ।
ਪਿਆਰੇ ਵੀਰਨੋ ਚੱਲੇ ਹਾਂ ਅਸੀਂ ਜਿੱਥੇ,
ਏਸੇ ਰਸਤਿਓਂ ਤੁਸੀਂ ਵੀ ਆ ਜਾਣਾ।

# ਪਾਠ ਅਭਿਆਸ

1. ਔਖੇ ਸ਼ਬਦਾਂ ਦੇ ਅਰਥ :

ਵਾਸੀਓ - ਵਸਨੀਕੋ
ਦਿਲੀਂ - ਦਿਲਾਂ ਵਿਚ
ਇਸ਼ਕ - ਪਿਆਰ
ਧ੍ਰੋਹ - ਧੋਖਾ, ਫ਼ਰੇਬ
ਡਿਗਰੀਆਂ - ਉਪਾਧੀਆਂ

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(ੳ) ਕੌਣ ਫਾਂਸੀ ਚੜ੍ਹਨ ਲੱਗੇ ਸਨ ਅਤੇ ਕਿਉਂ ?
(ਅ) ਵਤਨ ਵਾਸੀਆਂ ਨੂੰ ਕੀ ਕਿਹਾ ਗਿਆ ਹੈ ?
(ੲ) ਕਿਹੜੇ ਰਸਤੇ ਤੇ ਚੱਲਣ ਦੀ ਗੱਲ ਕੀਤੀ ਗਈ ਹੈ ?
(ਸ) ਇਸ ਕਵਿਤਾ ਤੋਂ ਕੀ ਭਾਵ ਹੈ ?

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ:

ਵਤਨ, ਖ਼ਾਤਰ, ਫਾਂਸੀ, ਦਾਗ਼, ਧ੍ਰੋਹ, ਜੇਲ੍ਹ, ਕੌਮ, ਸੇਵਕ

4. ਇਸ ਕਵਿਤਾ ਨੂੰ ਆਪਣੀ ਜਮਾਤ ਵਿਚ ਗਾ ਕੇ ਸੁਣਾਉ।

5. ਆਪਣੇ ਅਧਿਆਪਕ ਤੋਂ ਗ਼ਦਰੀ ਬਾਬਿਆਂ ਅਤੇ ਕਰਤਾਰ ਸਿੰਘ ਸਰਾਭਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

ਅਧਿਆਪਕਾਂ ਲਈ:

ਬੱਚਿਆਂ ਨੂੰ ਮੂਲ਼ਾ ਸਿੰਘ, ਕਿਰਪਾਲ ਅਤੇ ਨਵਾਬ ਦੇ ਕਿਰਦਾਰਾਂ ਨਾਲ਼ ਜਾਣ ਪਛਾਣ ਕਰਵਾਉ।

ਲੇਖ :

# ਪਾਠ - 2

# ਅਬਰਾਹਿਮ ਲਿੰਕਨ ਦਾ ਅਧਿਆਪਕ ਦੇ ਨਾਂ ਪੱਤਰ

ਪਿਆਰੇ ਅਧਿਆਪਕ ਜੀ,

ਮੇਰੇ ਬੱਚੇ ਨੂੰ ਇਹ ਸਿਖਾ ਦੇਣਾ ਕਿ ਸਮਾਜ ਵਿਚ ਦੁਸ਼ਮਣਾਂ ਦੇ ਨਾਲ-ਨਾਲ ਦੋਸਤ ਵੀ ਹੁੰਦੇ ਹਨ। ਇਹ ਤਾਂ ਇਹ ਜਾਣ ਹੀ ਜਾਏਗਾ ਕਿ ਸਾਰੇ ਮਨੁੱਖ ਇਨਸਾਫ਼ ਪਸੰਦ ਨਹੀਂ ਹੁੰਦੇ, ਤੇ ਨਾ ਹੀ ਸਾਰੇ ਸੱਚੇ। ਪਰ ਇਸ ਨੂੰ ਇਹ ਜ਼ਰੂਰ ਸਿਖਾ ਦੇਣਾ ਕਿ ਜਿੱਥੇ ਦੁਨੀਆਂ ਵਿਚ ਬਦਮਾਸ਼ ਲੋਕ ਹਨ, ਉੱਥੇ ਚੰਗੇ, ਨੇਕ ਇਨਸਾਨ ਵੀ ਹੁੰਦੇ ਹਨ। ਦੁਨੀਆਂ ਵਿਚ ਜਿੱਥੇ (ਖੁਦਗਰਜ਼) ਰਾਜਨੇਤਾ ਨੇ, ਉੱਥੇ ਸਮਾਜ ਨੂੰ ਸਮਰਪਿਤ (ਰਾਜਨੇਤਾ) ਆਗੂ ਵੀ ਹਨ। ਮੈਂ ਜਾਣਦਾ ਹਾਂ ਕਿ ਇਸ ਨੂੰ ਸਮਾਂ ਲੱਗੇਗਾ, ਪਰ ਇਸ ਨੂੰ ਇਹ ਜ਼ਰੂਰ ਸਿਖਾ ਦੇਣਾ ਕਿ ਹੱਕ ਦੀ ਥੋੜ੍ਹੀ ਕਮਾਈ ਮੁਫ਼ਤ ਮਿਲੇ ਵੱਡੇ ਧਨ ਨਾਲੋਂ ਜ਼ਿਆਦਾ ਸਕੂਨ ਦਿੰਦੀ ਹੈ। ਨਕਲ ਕਰਕੇ ਪਾਸ ਹੋਣ ਨਾਲੋਂ ਫੇਲ ਹੋਣਾ ਕਿਤੇ ਬੇਹਤਰ ਹੈ। ਇਸ ਨੂੰ ਇਹ ਵੀ ਸਿਖਾ ਦੇਣਾ ਕਿ ਹਾਰ ਨੂੰ ਸਵੀਕਾਰ ਕਰਨਾ ਵੀ ਇਕ ਵਡੱਪਣ ਵਾਲੀ ਗੱਲ ਹੈ ਤੇ ਜਿੱਤ ਦੀ ਖੁਸ਼ੀ ਮਨਾਉਣ ਦਾ ਵੀ ਇਕ ਸਲੀਕਾ ਹੈ।

ਇਸ ਨੂੰ ਸਿਖਾਉਣਾ ਕਿ ਚੰਗੇ ਲੋਕਾਂ ਨਾਲ ਹਮਦਰਦੀ ਨਾਲ ਵਿਹਾਰ ਕਰੇ ਤੇ ਬਦਮਾਸ਼ ਲੋਕਾਂ ਨਾਲ ਸਖ਼ਤੀ ਨਾਲ ਪੇਸ਼ ਆਵੇ। ਇਸ ਨੂੰ ਈਰਖਾ ਦੀ ਭਾਵਨਾ ਤੋਂ ਦੂਰ ਰੱਖਣਾ ਤੇ ਜੀਵਨ ਵਿਚ ਸੱਚੇ ਆਤਮਿਕ ਆਨੰਦ ਦੇ ਭੇਦ ਨੂੰ ਜਾਣੇ। ਜੇ ਹੋ ਸਕੇ ਤਾਂ ਇਸ ਨੂੰ ਇਹ ਸਿਖਾਉਣਾ ਕਿ ਜ਼ਿੰਦਗੀ ਵਿਚ ਔਖੇ ਪਲਾਂ ਨੂੰ ਵੀ ਹੱਸ ਕੇ ਗੁਜ਼ਾਰਿਆ ਜਾ ਸਕਦਾ ਹੈ। ਕਦੇ ਅੱਖਾਂ ਵਿਚ ਅੱਥਰੂ ਆਉਣਾ ਕੋਈ ਸ਼ਰਮ ਵਾਲੀ ਗੱਲ ਨਹੀਂ ਹੁੰਦੀ। ਇਸ ਨੂੰ ਇਹ ਵੀ ਸਿਖਾਉਣਾ ਕਿ ਮਤਲਬੀ ਲੋਕਾਂ ਤੋਂ ਬੱਚ ਕੇ ਕਿਵੇਂ ਚੱਲਣਾ ਹੈ ?

ਹੋ ਸਕੇ ਤਾਂ ਇਸ ਨੂੰ ਕਿਤਾਬਾਂ ਦੀ ਮਨਮੋਹਕ ਦੁਨੀਆਂ ਵਿਚ ਜ਼ਰੂਰ ਲੈ ਜਾਣਾ... ਪਰ ਆਕਾਸ਼ ਵਿਚ ਉੱਡਦੇ ਪੰਛੀਆਂ, ਧੁੱਪ ਵਿਚ ਉੱਡਦੀਆਂ ਸ਼ਹਿਦ ਦੀਆਂ ਮੱਖੀਆਂ ਤੇ ਹਰੀ-ਭਰੀ ਪਹਾੜਾਂ ਦੀ ਵਾਦੀ ਵਿਚ ਖਿੜੇ ਫੁੱਲਾਂ ਵਿਚ ਛਿਪੇ ਸੂਰਜ ਨੂੰ ਨਿਹਾਰਨ ਵਾਸਤੇ ਵਕਤ ਵੀ ਕੱਢ ਸਕੇ।

ਆਪਣੇ ਵਿਚਾਰਾਂ ਤੇ ਪੱਕਾ ਵਿਸ਼ਵਾਸ ਰੱਖੇ ਤੇ ਅਡਿੱਗ ਰਹੇ, ਚਾਹੇ ਲੋਕ ਉਸ ਨੂੰ ਗਲਤ ਕਹਿਣ। ਕੋਸ਼ਿਸ਼ ਕਰਨਾ ਮੇਰੇ ਬੱਚੇ ਨੂੰ ਐਨਾ ਮਜ਼ਬੂਤ (ਅਡੋਲ) ਬਣਾ ਦੇਣਾ ਕਿ ਭੇਡ-ਚਾਲ ਵਿਚ ਪਏ ਲੋਕਾਂ ਦੀ ਭੀੜ ਦਾ ਪਿਛਲੱਗੂ ਨਾ ਬਣੇ।

ਉਸ ਨੂੰ ਇਹ ਵੀ ਸਿਖਾ ਦਿਉ ਕਿ ਉਹ ਆਲੋਚਕਾਂ ਵਲ ਧਿਆਨ ਨਾ ਦੇਵੇ ਅਤੇ ਚਾਪਲੂਸਾਂ ਤੋਂ ਵੀ ਸਚੇਤ ਰਹੇ। ਉਸ ਨੂੰ ਇਹ ਵੀ ਦੱਸਣਾ ਕਿ ਆਪਣੇ ਜ਼ਮੀਰ ਨੂੰ ਮਾਰ ਕੇ ਕੀਤੀ ਕਮਾਈ ਨਾਲੋਂ ਮਿਹਨਤ ਨਾਲ ਕੀਤੀ ਕਮਾਈ ਕਿਤੇ ਚੰਗੀ ਹੈ। ਉਹ ਸੱਚ ਲਈ ਲੋਕਾਂ ਦੀ ਭੀੜ ਸਾਹਮਣੇ ਵੀ ਅਡੋਲ ਖੜਾ ਹੋਵੇ।

ਤੁਸੀਂ ਉਸ ਨੂੰ ਤਸੱਲੀ ਨਾਲ ਸਿਖਾਉ, ਪਰ ਜ਼ਿਆਦਾ ਲਾਡ-ਪਿਆਰ ਨਾਲ ਉਸ ਨੂੰ ਵਿਗਾੜਿਉ ਨਾ। ਉਸ ਨੂੰ ਹਮੇਸ਼ਾ ਅਜਿਹੀ ਸਿੱਖਿਆ ਦੇਣਾ ਕਿ ਮਨੁੱਖ ਜਾਤੀ ਵਿਚ ਉਸਦੀ ਅਸੀਮ ਸ਼ਰਧਾ ਬਣੀ ਰਹੇ।

ਮੈਂ ਆਪਣੇ ਪੱਤਰ ਵਿਚ ਬਹੁਤ ਕੁਝ ਲਿਖ ਦਿੱਤਾ ਹੈ। ਇਹ ਤੁਸੀਂ ਦੇਖਣਾ ਹੈ ਕਿ ਇਸ ਵਿਚੋਂ ਕੀ ਕੁਝ ਕੀਤਾ ਜਾ ਸਕਦਾ ਹੈ।

# ਅਭਿਆਸ

**1.** ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਖੁਦਗਰਜ਼ | - | ਸਵਾਰਥੀ |
| ਆਗੂ | - | ਅਗਵਾਈ ਕਰਨ ਵਾਲਾ |
| ਸਕੂਨ | - | ਤਸੱਲੀ |
| ਸਲੀਕਾ | - | ਢੰਗ, ਤਰੀਕਾ, ਚੰਗਾ ਆਚਰਣ |
| ਹਮਦਰਦੀ | - | ਦਰਦ ਵੰਡਾਉਣ ਵਾਲ਼ਾ |
| ਆਤਮਿਕ | - | ਆਤਮਾ ਦਾ |
| ਨਿਹਾਰਨਾ | - | ਵੇਖਣਾ, ਤੱਕਣਾ |
| ਪਿਛਲੱਗੂ | - | ਪਿੱਛੇ ਲੱਗਣ ਵਾਲ਼ਾ |
| ਚਾਪਲੂਸ | - | ਝੂਠੀ ਪ੍ਰਸੰਸਾ ਕਰਨ ਵਾਲ਼ਾ, ਹਾਂ ਵਿਚ ਹਾਂ ਮਿਲਾਉਣ ਵਾਲ਼ਾ |
| ਜ਼ਮੀਰ | - | ਅੰਤਰ-ਆਤਮਾ, ਮਨ |
| ਅਡੋਲ | - | ਜੋ ਡੋਲੇ ਨਾ, ਨਾ ਡਗਮਗਾਉਣ ਵਾਲ਼ਾ |

**2.** ਪ੍ਰਸ਼ਨਾਂ ਦੇ ਉੱਤਰ ਦਿਉ:

(ੳ) ਅਬਰਾਹਿਮ ਲਿੰਕਨ ਨੇ ਪੱਤਰ ਕਿਸ ਨੂੰ ਲਿਖਿਆ ?

(ਅ) ਹੱਕ ਦੀ ਕਮਾਈ ਕਿਸ ਨਾਲੋਂ ਜ਼ਿਆਦਾ ਸਕੂਨ ਦਿੰਦੀ ਹੈ ?

(ੲ) ਲੋਕਾਂ ਪ੍ਰਤੀ ਕਿਸ ਤਰ੍ਹਾਂ ਪੇਸ਼ ਆਉਣ ਲਈ ਕਿਹਾ ਗਿਆ ਹੈ ?

(ਸ) ਬੱਚੇ ਨੂੰ ਕਿਸ ਮਨਮੋਹਕ ਦੁਨੀਆਂ ਵਿਚ ਲਿਜਾਣ ਦੀ ਗੱਲ ਕੀਤੀ ਗਈ ਹੈ ?

(ਹ) ਤੁਹਾਨੂੰ ਲਿੰਕਨ ਦੇ ਕਿਹੜੇ ਦੋ ਵਿਚਾਰ ਸਭ ਤੋਂ ਜ਼ਿਆਦਾ ਚੰਗੇ ਲਗਦੇ ਹਨ ਤੇ ਕਿਉਂ ?

**3.** ਖਾਲੀ ਥਾਂਵਾਂ ਭਰੋ:

(ੳ) ਸਾਰੇ ਮਨੁੱਖ ................. ਪਸੰਦ ਨਹੀਂ ਹੁੰਦੇ।

(ਅ) ਹਾਰ ਨੂੰ ਸਵੀਕਾਰ ਕਰਨਾ ਵੀ ਇਕ .................... ਵਾਲੀ ਗੱਲ ਹੈ।

(ੲ) ਜਿੱਤ ਦੀ ਖੁਸ਼ੀ ਮਨਾਉਣ ਦਾ ਵੀ ਇਕ .......................... ਹੈ।

(ਸ) ਇਸ ਨੂੰ ................... ਦੀ ਭਾਵਨਾ ਤੋਂ ਦੂਰ ਰੱਖਣਾ।

(ਹ) ........................ ਨੂੰ ਮਾਰ ਕੇ ਕੀਤੀ ਕਮਾਈ ਨਾਲੋਂ ਮਿਹਨਤ ਨਾਲ ਕੀਤੀ ਕਮਾਈ ਕਿਤੇ ਚੰਗੀ ਹੈ।

ਅਧਿਆਪਕਾਂ ਲਈ:

ਅਬਰਾਹਿਮ ਲਿੰਕਨ ਦੇ ਜੀਵਨ ਦੀ ਮੁੱਢਲੀ ਜਾਣਕਾਰੀ ਬੱਚਿਆਂ ਨੂੰ ਦੇਣ।

ਲੋਕ ਕਥਾ :

# ਪਾਠ - 3

## ਬੁੱਧੀਮਾਨ ਬਾਲਕ

ਮਾ. ਸਾਵਣ ਸਿੰਘ ਅੱਕਾਂਵਾਲੀ

ਇਕ ਦਿਨ ਬੀਰਬਲ ਆਪਣੇ ਘਰ ਜਾ ਰਿਹਾ ਸੀ। ਉਸ ਨੇ ਪਾਟੇ-ਪੁਰਾਣੇ ਕੱਪੜਿਆਂ ਵਿਚ ਇਕ ਬੱਚੇ ਨੂੰ ਦੇਖਿਆ। ਉਹ ਬੱਚਾ ਇਕ ਰੁੱਖ ਹੇਠਾਂ ਛਾਂ ਵਿਚ ਬੈਠਾ ਛੋਲੇ ਖਾ ਰਿਹਾ ਸੀ। ਉਹ ਬੱਚਾ ਆਪਣੇ ਮੂੰਹ ਵਿਚ ਇਕ-ਇਕ ਦਾਣਾ ਪਾ ਰਿਹਾ ਸੀ। ਇਹ ਦੇਖ ਕੇ ਬੀਰਬਲ ਬੜਾ ਹੈਰਾਨ ਹੋਇਆ। ਬੀਰਬਲ ਨੇ ਬੜੇ ਅਚਰਜ ਨਾਲ ਪੁੱਛਿਆ, "ਬੇਟਾ! ਤੂੰ ਇਕ-ਇਕ ਦਾਣਾ ਮੂੰਹ ਵਿਚ ਕਿਉਂ ਪਾ ਰਿਹਾ ਹੈਂ ?"

ਬੱਚਾ ਬੋਲਿਆ, "ਸ੍ਰੀਮਾਨ ਜੀ ਮੈਂ ਕਈ ਦਿਨਾਂ ਦਾ ਭੁੱਖਾ ਹਾਂ। ਅੱਜ ਮੈਨੂੰ ਇਹ ਥੋੜ੍ਹੇ ਜਿਹੇ ਛੋਲੇ ਮਿਲ਼ੇ ਹਨ। ਜੇ ਮੈਂ ਇਨ੍ਹਾਂ ਨੂੰ ਇਕਦਮ ਖਾ ਲਵਾਂਗਾ ਤਾਂ ਮੇਰਾ ਸਮਾਂ ਕਿਵੇਂ ਲੰਘੇਗਾ ?"

ਬੇਸਹਾਰਾ ਬੱਚੇ ਦਾ ਬੁੱਧੀਪੂਰਨ ਉੱਤਰ ਸੁਣ ਕੇ ਬੀਰਬਲ ਬਹੁਤ ਖੁਸ਼ ਹੋਇਆ ਅਤੇ ਉਸ ਨੂੰ ਆਪਣੇ ਘਰ ਲੈ ਗਿਆ ਉਸ ਦੀ ਆਪਣੇ ਪੁੱਤਰ ਵਾਂਗ ਦੇਖਭਾਲ ਕਰਨ ਲੱਗਿਆ।

ਇਕ ਦਿਨ ਬਾਦਸ਼ਾਹ ਅਕਬਰ ਅਤੇ ਬੀਰਬਲ ਦਰਮਿਆਨ ਵਿਚਾਰ-ਚਰਚਾ ਚੱਲ ਰਹੀ ਸੀ। ਬਾਦਸ਼ਾਹ ਅਕਬਰ ਨੇ ਬੀਰਬਲ ਨੂੰ ਸਵਾਲ ਕੀਤਾ, "ਬੀਰਬਲ ਸੰਸਾਰ ਦੀ ਸਭ ਤੋਂ ਵੱਡੀ ਵਸਤੂ ਕੀ ਹੈ ?" ਬੀਰਬਲ ਉਸ ਦਾ ਉੱਤਰ ਨਾ ਦੇ ਸਕਿਆ। ਉਸ ਨੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਇਕ ਹਫ਼ਤੇ ਦਾ ਸਮਾਂ ਮੰਗਿਆ ਅਤੇ ਘਰ ਆ ਗਿਆ। ਘਰ ਆ ਕੇ ਬੀਰਬਲ ਨੇ ਬਹੁਤ ਸੋਚਿਆ ਪਰ ਇਸ ਪ੍ਰਸ਼ਨ ਦਾ ਉੱਤਰ ਨਾ ਮਿਲਿਆ।

ਇਸ ਤਰ੍ਹਾਂ ਸੋਚਦੇ-ਸੋਚਦੇ ਹਫ਼ਤਾ ਪੂਰਾ ਹੋਣ 'ਚ ਸਿਰਫ਼ ਇਕ ਦਿਨ ਬਾਕੀ ਰਹਿ ਗਿਆ। ਬੀਰਬਲ ਨੂੰ ਫ਼ਿਕਰਮੰਦ ਦੇਖ ਕੇ ਉਸ ਬੱਚੇ ਨੇ ਪੁੱਛਿਆ, "ਪਿਤਾ ਜੀ, ਆਪ ਫ਼ਿਕਰਮੰਦ ਕਿਉਂ ਹੋ ?" ਬੀਰਬਲ ਨੇ ਆਪਣੀ ਸਮੱਸਿਆ ਦੱਸੀ। ਪ੍ਰਸ਼ਨ ਸੁਣ ਕੇ ਬਾਲਕ ਬੋਲਿਆ, "ਪਿਤਾ ਜੀ, ਆਪ ਚਿੰਤਾ ਨਾ ਕਰੋ। ਬਾਦਸ਼ਾਹ ਨੂੰ ਕਹਿ ਦੇਣਾ ਕਿ ਬੁੱਧੀ ਸਭ ਤੋਂ ਵੱਡੀ ਵਸਤੂ ਹੈ। ਸੰਸਾਰ ਦੇ ਵੱਡੇ ਤੋਂ ਵੱਡੇ ਕੰਮ ਬੁੱਧੀ ਨਾਲ ਹੀ ਹੁੰਦੇ ਹਨ।

ਅਗਲੇ ਦਿਨ ਬੀਰਬਲ ਨੇ ਅਕਬਰ ਦੇ ਪਾਸ ਜਾ ਕੇ ਉਸ ਦੇ ਪੁੱਛੇ ਹੋਏ ਪ੍ਰਸ਼ਨ ਦਾ ਉੱਤਰ ਦੇ ਦਿੱਤਾ ਕਿ ਬੁੱਧੀ ਹੀ ਸਭ ਤੋਂ ਵੱਡੀ ਵਸਤੂ ਹੈ। ਬਾਦਸ਼ਾਹ ਬਹੁਤ ਖੁਸ਼ ਹੋਇਆ। ਉਸ ਨੇ ਤੁਰੰਤ ਇਕ ਹੋਰ ਪ੍ਰਸ਼ਨ ਕਰ ਦਿੱਤਾ, "ਅੱਛਾ! ਇਹ ਦੱਸੋ ਕਿ ਬੁੱਧੀ ਦਾ ਭੋਜਨ ਕੀ ਹੈ ? ਜੇ ਇਸ ਦਾ ਉੱਤਰ ਦੋ ਹਫ਼ਤੇ ਵਿਚ ਨਾ ਦਿੱਤਾ ਗਿਆ ਤਾਂ ਤੈਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।"

ਬੀਰਬਲ ਸਾਹਮਣੇ ਫਿਰ ਸਮੱਸਿਆ ਖੜ੍ਹੀ ਹੋ ਗਈ। ਉਹ ਘਰ ਆ ਗਿਆ। ਬਾਲਕ ਨੇ ਬੀਰਬਲ ਨੂੰ ਉਦਾਸ ਦੇਖ ਕੇ ਸਮਝਿਆ ਕਿ ਬਾਦਸ਼ਾਹ ਨੂੰ ਜਵਾਬ ਪਸੰਦ ਨਹੀਂ ਆਇਆ। ਬਾਲਕ ਦੁਖੀ ਹੋ ਕੇ ਬੋਲਿਆ, "ਪਿਤਾ ਜੀ, ਕੀ ਬਾਦਸ਼ਾਹ ਨੂੰ ਉੱਤਰ ਪਸੰਦ ਨਹੀਂ ਆਇਆ, ਜਿਸ ਕਰਕੇ ਆਪ ਉਦਾਸ ਹੋ ?"

ਬੀਰਬਲ ਨੇ ਬੱਚੇ ਨੂੰ ਬਾਦਸ਼ਾਹ ਦਾ ਦੂਜਾ ਪ੍ਰਸ਼ਨ ਦੱਸਿਆ। ਬੱਚੇ ਨੂੰ ਤੁਰੰਤ ਉੱਤਰ ਸੁੱਝਿਆ ਤੇ ਉਸ ਨੇ ਬੀਰਬਲ ਨੂੰ ਕਿਹਾ, "ਬੁੱਧੀ ਚਿੰਤਾ ਖਾਂਦੀ ਹੈ। ਜਿਹੜੇ ਬੁੱਧੀਮਾਨ ਹੋਣ ਉਹੀ ਚਿੰਤਾ ਕਰਦੇ ਹਨ। ਬੁੱਧੀਹੀਣ ਲੋਕ ਨਿਸ਼ਚਿੰਤ ਰਹਿੰਦੇ ਹਨ।" ਬੀਰਬਲ ਨੇ ਆਪਣੇ ਪੁੱਤਰ ਨੂੰ ਸ਼ਾਬਾਸ਼ ਦਿੱਤੀ ਅਤੇ ਬਾਦਸ਼ਾਹ ਦੇ ਪਾਸ ਜਾ ਕੇ ਦੂਜੇ ਪ੍ਰਸ਼ਨ ਦਾ ਉੱਤਰ ਦੇ ਦਿੱਤਾ। ਬਾਦਸ਼ਾਹ ਫਿਰ ਬਹੁਤ ਪ੍ਰਸੰਨ ਹੋਇਆ। ਖੁਸ਼ ਹੋਇਆ ਬਾਦਸ਼ਾਹ ਬੋਲਿਆ, "ਚੰਗਾ ਜਾਉ ਅਤੇ ਇਹ ਪਤਾ ਕਰੋ

ਕਿ ਬੁੱਧੀ ਕੀ ਪੀਂਦੀ ਹੈ ?''

ਬੀਰਬਲ ਫਿਰ ਫ਼ਿਕਰ 'ਚ ਪੈ ਗਿਆ। ਉਹ ਸੋਚ ਵਿਚ ਪੈ ਗਿਆ ਕਿ ਪਹਿਲੇ ਦੋ ਪ੍ਰਸ਼ਨਾਂ ਦੇ ਉੱਤਰ ਉਸ ਬਾਲਕ ਨੇ ਦੇ ਦਿੱਤੇ ਪਰ ਜੇ ਇਸ ਦਾ ਉੱਤਰ ਨਾ ਦੇ ਸਕਿਆ ਤਾਂ ਫਿਰ ਕੀ ਹੋਵੇਗਾ।

ਇਸ ਸੋਚ-ਵਿਚਾਰ 'ਚ ਡੁੱਬਿਆ ਹੋਇਆ ਬੀਰਬਲ ਜਦ ਘਰ ਪਹੁੰਚਿਆ ਤਾਂ ਬਾਲਕ ਨੇ ਫਿਰ ਪੁੱਛਿਆ, "ਪਿਤਾ ਜੀ, ਹੁਣ ਕੀ ਹੋਇਆ ਹੈ ?'' ਬੀਰਬਲ ਨੇ ਬਾਦਸ਼ਾਹ ਦੇ ਇਕ ਹੋਰ ਪ੍ਰਸ਼ਨ ਬਾਰੇ ਦੱਸਿਆ ਤਾਂ ਬਾਲਕ ਬੋਲਿਆ, "ਬੁੱਧੀ ਕ੍ਰੋਧ ਨੂੰ ਪੀ ਜਾਂਦੀ ਹੈ। ਬੁੱਧੀਮਾਨ ਮਨੁੱਖ ਹੀ ਕ੍ਰੋਧ ਪੀ ਸਕਦਾ ਹੈ। ਨਿਰਬੁੱਧੀ ਤਾਂ ਗੱਲ-ਗੱਲ 'ਤੇ ਕ੍ਰੋਧਵਾਨ ਹੋ ਜਾਂਦਾ ਹੈ।'' ਬੀਰਬਲ ਨੇ ਇਸ ਦਾ ਉੱਤਰ ਜਾ ਕੇ ਅਕਬਰ ਨੂੰ ਦੱਸਿਆ ਤਾਂ ਉਹ ਇਹ ਜੁਆਬ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਬੀਰਬਲ ਨੂੰ ਬਹੁਤ ਸਾਰਾ ਇਨਾਮ ਵੀ ਦਿੱਤਾ। ਬੀਰਬਲ ਘਰ ਜਾਣ ਲੱਗਿਆ ਤਾਂ ਬਾਦਸ਼ਾਹ ਨੇ ਉਸ ਨੂੰ ਵਾਪਸ ਬੁਲਾ ਲਿਆ ਅਤੇ ਕਿਹਾ, "ਤੂੰ ਮੇਰੇ ਤਿੰਨ ਪ੍ਰਸ਼ਨਾਂ ਦੇ ਜਵਾਬ ਤਾਂ ਸਹੀ ਦੇ ਦਿੱਤੇ ਹਨ। ਬਸ ਇਕ ਆਖ਼ਰੀ ਸੁਆਲ ਦਾ ਉੱਤਰ ਵੀ ਦੇ ਕੇ ਚਲਿਆ ਜਾਣਾ।''

ਬੀਰਬਲ ਬੋਲਿਆ, "ਬਾਦਸ਼ਾਹ ਕਿਸ ਸੁਆਲ ਦਾ ਜੁਆਬ ?''

ਅਕਬਰ ਨੇ ਸਵਾਲ ਕੀਤਾ, "ਬੁੱਧੀ ਦਾ ਰੂਪ ਕੀ ਹੈ ?''

ਬੀਰਬਲ ਨੇ ਬਾਦਸ਼ਾਹ ਨੂੰ ਕਿਹਾ, "ਇਸ ਸਵਾਲ ਦਾ ਉੱਤਰ ਮੇਰਾ ਬੇਟਾ ਦੇਵੇਗਾ।''

ਅਗਲੇ ਦਿਨ ਬੀਰਬਲ ਆਪਣੇ ਪੁੱਤਰ ਨੂੰ ਲੈ ਕੇ ਬਾਦਸ਼ਾਹ ਦੇ ਦਰਬਾਰ ਪਹੁੰਚ ਗਿਆ।

ਅਕਬਰ ਨੇ ਉਸ ਬੱਚੇ ਤੋਂ ਪੁੱਛਿਆ, "ਕੀ ਤੇਰੇ ਪਾਸ ਮੇਰੇ ਸਵਾਲ ਦਾ ਜਵਾਬ ਹੈ ?''

ਬੱਚੇ ਨੇ ਪੂਰੇ ਹੌਂਸਲੇ ਨਾਲ ਉੱਤਰ ਦਿੱਤਾ, "ਬਾਦਸ਼ਾਹ ! ਇਸ ਸਵਾਲ ਦਾ ਉੱਤਰ ਜਾਣਨ ਲਈ ਤੁਹਾਨੂੰ ਮੇਰਾ ਸ਼ਿਸ਼ ਬਣਨਾ ਪਏਗਾ।'' ਅਕਬਰ ਨੇ ਉਸ ਬੱਚੇ ਦੀ ਗੱਲ ਮੰਨ ਲਈ। ਬੱਚੇ ਨੇ ਕਿਹਾ, "ਬਾਦਸ਼ਾਹ, ਉੱਤਰ ਜਾਣਨ ਲਈ ਆਪਣੇ ਤਖ਼ਤ ਤੋਂ ਹੇਠਾਂ ਆਉ ਤੇ ਮੈਨੂੰ ਇੱਥੇ ਬੈਠਣ ਦਿਉ।''

ਅਕਬਰ ਤੁਰੰਤ ਗੱਦੀ ਤੋਂ ਹੇਠਾਂ ਆ ਗਿਆ। ਬਾਲਕ ਹੱਸਦਾ ਹੋਇਆ ਬੋਲਿਆ, "ਬਾਦਸ਼ਾਹ ! ਹੁਣ ਤਾਂ ਤੁਸੀਂ ਬੁੱਧੀ ਦਾ ਰੂਪ ਦੇਖ ਲਿਆ ਹੋਵੇਗਾ।''

ਉਹ ਬਾਲਕ ਆਪਣੀ ਗੱਲ ਪੂਰੀ ਕਰਦਾ ਹੋਇਆ ਬੋਲਿਆ, "ਬਾਦਸ਼ਾਹ ! ਕਿਸੇ ਨੂੰ ਉਪਰ ਚੁੱਕਣਾ ਅਤੇ ਹੇਠਾਂ ਡੇਗਣਾ ਇਹ ਸਭ ਬੁੱਧੀ ਦੀ ਹੀ ਕਰਾਮਾਤ ਹੈ। ਬੁੱਧੀ ਦੇ ਬਲ ਕਰਕੇ ਮੈਂ ਰਾਜਗੱਦੀ 'ਤੇ ਬੈਠ ਗਿਆ ਅਤੇ ਆਪ ਮੇਰੀ ਥਾਂ 'ਤੇ ਖੜ੍ਹੇ ਹੋ।''

ਬਾਲਕ ਦੀ ਤੇਜ ਬੁੱਧੀ 'ਤੇ ਬਾਦਸ਼ਾਹ ਬਹੁਤ ਖੁਸ਼ ਹੋਇਆ ਤੇ ਉਸ ਨੂੰ ਬਹੁਤ ਸਾਰਾ ਇਨਾਮ ਦਿੱਤਾ।

## ਅਭਿਆਸ

**1.** ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਅਚਰਜ | - | ਹੈਰਾਨਗੀ |
| ਬੇਸਹਾਰਾ | - | ਬੇਆਸਰਾ |
| ਫ਼ਿਕਰਮੰਦ | - | ਫ਼ਿਕਰ ਕਰਨਾ |
| ਬੁੱਧੀਮਾਨ | - | ਅਕਲਮੰਦ |
| ਕਰਾਮਾਤ | - | ਚਮਤਕਾਰ |

ਤਖ਼ਤ - ਰਾਜ ਗੱਦੀ, ਸਿੰਘਾਸਨ

ਕ੍ਰੋਧਵਾਨ - ਗੁੱਸੇਖੋਰ, ਹਰਖੀ, ਬਹੁਤ ਗੁੱਸੇ ਵਾਲਾ

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(ੳ) ਬੀਰਬਲ ਨੂੰ ਪਾਟੇ-ਪੁਰਾਣੇ ਕੱਪੜਿਆਂ 'ਚ ਕੌਣ ਮਿਲਿਆ ?

(ਅ) ਇਕ-ਇਕ ਦਾਣਾ ਮੂੰਹ ਵਿਚ ਪਾਉਣ ਦਾ ਬੱਚੇ ਨੇ ਕੀ ਕਾਰਨ ਦੱਸਿਆ ?

(ੲ) ਬਾਦਸ਼ਾਹ ਅਕਬਰ ਨੇ ਬੀਰਬਲ ਨੂੰ ਪਹਿਲਾ ਸਵਾਲ ਕੀ ਪੁੱਛਿਆ ?

(ਸ) ਸੰਸਾਰ ਦੀ ਸਭ ਤੋਂ ਵੱਡੀ ਵਸਤੂ ਕੀ ਹੈ ?

(ਹ) ਬੁੱਧੀ ਕੀ ਖਾਂਦੀ ਅਤੇ ਕੀ ਪੀਂਦੀ ਹੈ ?

3. ਖਾਲੀ ਥਾਂਵਾਂ ਭਰੋ:

(ੳ) ਇਕ ਦਿਨ ਬੀਰਬਲ ਆਪਣੇ ................ ਜਾ ਰਿਹਾ ਸੀ।

(ਅ) ਬੇਸਹਾਰਾ ਬੱਚੇ ਦਾ ................... ਉੱਤਰ ਸੁਣ ਕੇ ਬੀਰਬਲ ਬਹੁਤ ............... ਹੋਇਆ।

(ੲ) ਬੁੱਧੀਮਾਨ ਮਨੁੱਖ ਹੀ ................ ਪੀ ਸਕਦਾ ਹੈ।

(ਸ) ਬਾਲਕ ਦੀ ............... 'ਤੇ ਬਾਦਸ਼ਾਹ ਬਹੁਤ ਖੁਸ਼ ਹੋਇਆ।

4. ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸ ਕੇ ਵਾਕ ਬਣਾਉ:

ਅਚਰਜ, ਬੇਸਹਾਰਾ, ਫ਼ਿਕਰਮੰਦ, ਬੁੱਧੀਮਾਨ, ਕਰਾਮਾਤ, ਕ੍ਰੋਧਵਾਨ

5. ਅਧਿਆਪਕ ਵਲੋਂ

ਬੱਚਿਆਂ ਦੇ ਗਰੁੱਪ ਬਣਾ ਕੇ ਚਰਚਾ:

ਪੰਜ ਸਵਾਲ, ਪੰਜ ਸਵਾਲਾਂ ਦੇ ਉੱਤਰਾਂ ਦੀ ਮਨੁੱਖੀ ਜ਼ਿੰਦਗੀ 'ਚ ਅਹਿਮੀਅਤ, ਕੋਈ ਹੋਰ ਲੋਕ ਕਥਾ 'ਤੇ ਚਰਚਾ

ਜੀਵਨੀ :

# ਪਾਠ - 4

## ਡਾ. ਏ. ਪੀ. ਜੇ. ਅਬਦੁਲ ਕਲਾਮ



ਗਣਿਤ ਅਧਿਆਪਕ ਕਲਾਸ ਵਿਚ ਪੜ੍ਹਾ ਰਹੇ ਸਨ। ਇਕ ਚੌਥੀ ਜਮਾਤ ਦਾ ਬੱਚਾ ਅਣਜਾਣੇ ਵਿਚ ਹੀ ਉਸ ਜਮਾਤ ਵਿਚ ਜਾ ਵੜਿਆ। ਅਧਿਆਪਕ ਨੇ ਉਸ ਬੱਚੇ ਨੂੰ ਡੰਡੇ ਨਾਲ ਮਾਰਿਆ ਅਤੇ ਕਿਹਾ, "ਪੜ੍ਹਨ ਦੇ ਸਮੇਂ ਮਟਰਗਸ਼ਤੀ ਕਰਦੇ ਨੇ ਫਿਰ ਕਹਿੰਦੇ ਹਨ ਕਿ ਨੰਬਰ ਨਹੀਂ ਆਏ।" ਬੱਚਾ ਡੰਡੇ ਦੀ ਮਾਰ ਤਾਂ ਭੁੱਲ ਗਿਆ ਪਰ ਅਧਿਆਪਕ ਦੀ ਕਹੀ ਗੱਲ ਉਸ ਨੂੰ ਚੁੱਭ ਗਈ। ਉਸ ਨੇ ਪੜ੍ਹਾਈ ਵਿਚ ਜੀ ਤੋੜ ਮਿਹਨਤ ਕੀਤੀ ਅਤੇ ਸਾਲਾਨਾ ਪੇਪਰਾਂ ਵਿਚ ਗਣਿਤ ਵਿਚੋਂ ਪੂਰੇ ਨੰਬਰ ਹਾਸਲ ਕੀਤੇ। ਰਿਜ਼ਲਟ ਦੇ ਅਗਲੇ ਦਿਨ ਉਸੇ ਅਧਿਆਪਕ ਨੇ ਉਹ ਸਾਰਾ ਕਿੱਸਾ ਸਵੇਰੇ ਪ੍ਰਾਰਥਨਾ ਸਭਾ ਵਿਚ ਸੁਣਾਇਆ, ਆਪਣੇ ਕੀਤੇ ਤੇ ਪਛਤਾਵਾ ਕੀਤਾ ਤੇ ਕਿਹਾ, "ਮੇਰੀ ਗੱਲ ਯਾਦ ਰੱਖਣਾ, ਇਹ ਬੱਚਾ ਆਪਣੇ ਸਕੂਲ ਅਤੇ ਆਪਣੇ ਅਧਿਆਪਕਾਂ ਦਾ ਨਾਂ ਰੋਸ਼ਨ ਕਰੇਗਾ।"

ਬੱਚਿਉ, ਤੁਸੀਂ ਜਾਣਨਾ ਚਾਹੁੰਦੇ ਹੋਵੋਗੇ ਕਿ ਉਹ ਬੱਚਾ ਕੌਣ ਸੀ ਅਤੇ ਕੀ ਉਸ ਅਧਿਆਪਕ ਦੀ ਭਵਿੱਖਬਾਣੀ ਸੱਚ ਹੋਈ? ਉਹ ਬੱਚਾ ਸੀ ਅਬਦੁਲ ਕਲਾਮ ਜੋ ਅੱਗੇ ਚਲ ਕੇ ਸਾਡੇ ਦੇਸ਼ ਦੇ ਮਹਾਨ ਵਿਗਿਆਨਕ ਅਤੇ ਭਾਰਤ ਦੇ ਬਾਰ੍ਹਵੇਂ ਰਾਸ਼ਟਰਪਤੀ ਬਣੇ। ਉਹਨਾਂ ਆਪਣੀ ਮਿਹਨਤ ਅਤੇ ਲਗਨ ਨਾਲ਼ ਆਪਣੇ ਅਧਿਆਪਕ ਦੀ ਕੀਤੀ ਭਵਿੱਖਵਾਣੀ ਨੂੰ ਸੱਚ ਕਰ ਦਿਖਾਇਆ ਅਤੇ ਉਸ ਤੋਂ ਵੀ ਅੱਗੇ ਜਾ ਕੇ ਨਾ ਸਿਰਫ਼ ਆਪਣੇ ਸਕੂਲ ਅਤੇ ਅਧਿਆਪਕਾਂ ਦਾ ਬਲਕਿ ਸਾਰੇ ਦੇਸ਼ ਦਾ ਹੀ ਨਾਂ ਰੋਸ਼ਨ ਕੀਤਾ।

ਸਾਡੇ ਦੇਸ਼ ਦੇ ਇਹ ਮਹਾਨ ਵਿਗਿਆਨਕ ਜਿਨ੍ਹਾਂ ਨੂੰ ਡਾ. ਅਬਦੁਲ ਕਲਾਮ ਦੇ ਨਾਂ ਨਾਲ ਜਾਣਦੇ ਹਾਂ ਉਹਨਾਂ ਦਾ ਪੂਰਾ ਨਾਂ ਡਾ. ਅਵੁਲ ਪਾਕਿਰ ਜੈਨੁਲਾਬਦੀਨ ਅਬਦੁਲ ਕਲਾਮ ਹੈ। ਉਨ੍ਹਾਂ ਦਾ ਜਨਮ 15 ਅਕਤੂਬਰ 1931 ਈ. ਨੂੰ ਤਾਮਿਲਨਾਡੂ ਦੇ ਇਕ ਛੋਟੇ ਜਿਹੇ ਪਿੰਡ ਰਾਮੇਸ਼ਵਰਮ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਜੈਨਲਬਦੀਨ ਅਤੇ ਮਾਤਾ ਦਾ ਨਾਮ ਅਸ਼ਿਯਮਾ ਸੀ। ਉਨ੍ਹਾਂ ਦੇ ਪਿਤਾ ਕਿਸ਼ਤੀਆਂ ਬਣਾਉਂਦੇ ਅਤੇ ਪਰਿਵਾਰ ਦਾ ਗੁਜ਼ਾਰਾ ਕਰਦੇ ਸਨ। ਕਲਾਮ ਪੜ੍ਹਾਈ ਵਿਚ ਹੁਸ਼ਿਆਰ ਸਨ, ਪਰ ਉਨ੍ਹਾਂ ਦਾ ਵਿਦਿਆਰਥੀ ਜੀਵਨ ਗਰੀਬੀ ਕਾਰਨ ਬੜਾ ਕਠਿਨਾਈਆਂ ਭਰਿਆ ਸੀ। ਉਹ ਇਮਲੀ ਦੇ ਬੀਜ ਇੱਕਠਾ ਕਰਕੇ ਦੁਕਾਨ ਤੇ ਵੇਚਦੇ ਅਤੇ ਆਪਣੇ ਚਚੇਰੇ ਭਰਾ ਨਾਲ ਅਖ਼ਬਾਰਾਂ ਵੰਡਦੇ। ਇਸ ਦੇ ਨਾਲ-ਨਾਲ ਆਪਣੀ ਪੜ੍ਹਾਈ ਵਲ ਵੀ ਪੂਰਾ ਧਿਆਨ ਦਿੰਦੇ।

ਆਪਣੇ ਪਿੰਡ ਦੇ ਸਕੂਲ ਤੋਂ ਪੰਜਵੀਂ ਪਾਸ ਕਰਨ ਤੋਂ ਬਾਅਦ ਉਨ੍ਹਾਂ ਰਾਮਨਾਰਥਪੁਰਮ ਦੇ ਸਵਾਟਰਸ ਹਾਈ

ਸਕੂਲ ਤੋਂ ਦਸਵੀਂ ਪਾਸ ਕੀਤੀ। ਉਨ੍ਹਾਂ ਤਿਰੁਚਨਾਪੱਲੀ ਦੇ ਸੈਂਟ ਜੋਸਫ਼ ਕਾਲਜ ਵਿਚੋਂ ਬੀ.ਐਸ.ਸੀ. ਕਰਨ ਤੋਂ ਬਾਅਦ ਐੱਮ. ਆਈ. ਟੀ. (ਮਦਰਾਸ ਇੰਸਟੀਟਯੂਟ ਆਫ ਟੈਕਨਾਲੋਜੀ) ਵਿਚ ਦਾਖ਼ਲੇ ਸਮੇਂ 1000 ਰੁਪਏ ਦੀ ਫ਼ੀਸ ਉਨ੍ਹਾਂ ਅਤੇ ਉਨ੍ਹਾਂ ਦੀ ਪੜ੍ਹਾਈ ਦੇ ਆੜੇ ਆ ਗਈ। ਉਨ੍ਹਾਂ ਦੀ ਭੈਣ ਜੋਹਰਾ ਨੇ ਆਪਣੇ ਗਹਿਣੇ ਗਿਰਵੀ ਰੱਖ ਕੇ ਉਨ੍ਹਾਂ ਦੀ ਫ਼ੀਸ ਭਰਨ ਵਿਚ ਮਦਦ ਕੀਤੀ। ਐੱਮ. ਆਈ. ਟੀ. ਵਿਚ ਪੜ੍ਹਦਿਆਂ ਉਨ੍ਹਾਂ ਨੂੰ ਉਨ੍ਹਾਂ ਦੇ ਚਾਰ ਹੋਰ ਸਾਥੀਆਂ ਨਾਲ ਨੇੜਿਉਂ ਹਮਲਾ ਕਰਨ ਵਾਲੇ ਜਹਾਜ਼ ਦਾ ਡਿਜ਼ਾਇਨ ਤਿਆਰ ਕਰਨ ਦਾ ਜ਼ਿੰਮਾ ਮਿਲਿਆ। ਉਹ ਜੀ ਜਾਨ ਨਾਲ ਕੰਮ ਵਿਚ ਲਗ ਗਏ। ਨਿਰੀਖਣ ਵੇਲੇ ਉਨ੍ਹਾਂ ਦੇ ਪ੍ਰੋਫੈਸਰ ਸ੍ਰੀ ਨਿਵਾਸਨ ਉਨ੍ਹਾਂ ਦੇ ਕੰਮ ਤੋਂ ਜਰਾ ਵੀ ਸੰਤੁਸ਼ਟ ਨਾ ਹੋਏ। ਕਲਾਮ ਨੇ ਮਾਫ਼ੀ ਮੰਗੀ ਅਤੇ ਕੰਮ ਨੂੰ ਸਿਰੇ ਚਾੜ੍ਹਨ ਲਈ 1 ਮਹੀਨੇ ਦਾ ਸਮਾਂ ਮੰਗਿਆ। ਪ੍ਰੋ. ਸਾਹਿਬ ਗੁੱਸੇ ਵਿਚ ਆ ਗਏ ਅਤੇ ਉਨ੍ਹਾਂ ਕਿਹਾ, "ਜੇ ਤਿੰਨ ਦਿਨਾਂ ਅੰਦਰ ਕੰਮ ਸਿਰੇ ਨਾ ਚੜ੍ਹਿਆ ਤਾਂ ਵਜ਼ੀਫਾ ਰੋਕ ਦਿੱਤਾ ਜਾਵੇਗਾ।" ਕਲਾਮ ਸਾਹਿਬ ਵਜ਼ੀਫੇ ਕਾਰਣ ਹੀ ਤਾਂ ਆਪਣੀ ਪੜ੍ਹਾਈ ਜਾਰੀ ਰੱਖ ਰਹੇ ਸਨ। ਉਨ੍ਹਾਂ ਨੂੰ ਖਾਣਾ ਅਤੇ ਸੌਣਾ ਭੁੱਲ ਗਿਆ। ਦਿਨ ਰਾਤ ਦੀ ਲਗਾਤਾਰ ਮਿਹਨਤ ਨਾਲ ਉਨ੍ਹਾਂ ਇਸ ਇਕ ਮਹੀਨੇ ਦੇ ਕੰਮ ਨੂੰ ਦੋ ਦਿਨਾਂ ਅੰਦਰ ਹੀ ਪੂਰਾ ਕਰ ਵਿਖਾਇਆ। ਪ੍ਰੋ. ਸਾਹਿਬ ਉਨ੍ਹਾਂ ਦਾ ਕੰਮ ਦੇਖ ਕੇ ਬੜੇ ਖੁਸ਼ ਹੋਏ। ਸ਼ਾਬਾਸ਼ੀ ਦਿੰਦੇ ਹੋਏ ਕਿਹਾ ਕਿ ਮੈਨੂੰ ਤੇਰੇ ਉੱਤੇ ਮਾਣ ਹੈ। ਇਹ ਸੀ ਡਾ. ਕਲਾਮ ਦਾ ਆਪਣੀ ਲਗਨ ਅਤੇ ਮਿਹਨਤ ਨਾਲ ਅਸੰਭਵ ਨੂੰ ਸੰਭਵ ਕਰ ਦਿਖਾਉਣ ਦਾ ਤਰੀਕਾ।

ਐੱਮ. ਆਈ. ਟੀ. ਤੋਂ ਤਿੰਨ ਸਾਲ ਦਾ ਡਿਪਲੋਮਾ ਪੂਰਾ ਕਰਨ ਤੋਂ ਬਾਅਦ 1958 ਵਿਚ ਉਨ੍ਹਾਂ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਡਿਗਰੀ ਹਾਸਲ ਕਰਨ ਤੋਂ ਬਾਅਦ ਉਨ੍ਹਾਂ ਨੂੰ ਰੱਖਿਆ ਮੰਤਰਾਲੇ ਦੇ ਤਕਨੀਕੀ ਵਿਕਾਸ ਅਤੇ ਉਤਪਾਦਨ ਡਾਇਰੈਕਟੋਰੇਟ ਵਿਚ ਸਹਾਇਕ ਵਿਗਿਆਨਕ ਪਦ 'ਤੇ ਨੌਕਰੀ ਮਿਲ ਗਈ। ਇਥੇ ਕੰਮ ਕਰਦਿਆਂ ਉਨ੍ਹਾਂ ਪਹਿਲੇ ਸਾਲ ਹੀ ਪਰਾਧਵਨੀ ਲਕਸ਼ਭੇਦੀ ਜਹਾਜ ਦਾ ਡਿਜ਼ਾਇਨ ਤਿਆਰ ਕੀਤਾ। ਇਸ ਸੰਸਥਾਨ ਵਿਚ ਲਾਏ ਤਿੰਨ ਸਾਲਾਂ ਵਿਚ ਉਨ੍ਹਾਂ ਕਈ ਪ੍ਰਜੈਕਟਾਂ ਤੇ ਕੰਮ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਈ। ਡਾ. ਕਲਾਮ ਦੀ ਯੋਗਤਾ ਨੂੰ ਦੇਖਦੇ ਹੋਏ ਸਰਕਾਰ ਨੇ ਉਨ੍ਹਾਂ ਨੂੰ ਵਿਮਾਨਕੀ ਵਿਕਾਸ ਪ੍ਰਾਧੀਕਰਨ (ਏ.ਡੀ.ਏ.) ਬੰਗਲੌਰ ਭੇਜ ਦਿੱਤਾ। ਇਥੇ ਉਨ੍ਹਾਂ ਨੇ ਏ.ਡੀ.ਏ. ਦੇ ਨਿਦੇਸ਼ਕ ਡਾ. ਓ. ਪੀ. ਮਹਿੰਦੀਰੱਤਾ ਦੀ ਅਗਵਾਈ ਵਿਚ ਕਈ ਪ੍ਰਜੈਕਟਾਂ ਤੇ ਕੰਮ ਕੀਤਾ, ਜਿਸ ਵਿਚ ਪ੍ਰਮੁੱਖ ਤੌਰ ਤੇ ਉਨ੍ਹਾਂ ਅਤੇ ਉਨ੍ਹਾਂ ਦੇ ਚਾਰ ਸਾਥੀ ਵਿਗਿਆਨੀਆਂ ਦੁਆਰਾ ਤਿਆਰ ਕੀਤਾ ਸਵਦੇਸ਼ੀ ਹਾਵਰ ਕਰਾਫਟ (ਮੰਡਰਾਉਣ ਵਾਲਾ ਜਹਾਜ਼) ਨੰਦੀ ਪ੍ਰਮੁੱਖ ਸੀ।

ਏ.ਡੀ.ਏ. ਤੋਂ ਬਾਅਦ ਉਨ੍ਹਾਂ ਦੀ ਨਿਯੁਕਤੀ ਭਾਰਤੀ ਅੰਤਰਿਕਸ਼ ਅਨੁਸੰਧਾਨ ਸਮਿਤੀ ਵਿਚ ਬਤੌਰ ਰਾਕੇਟ ਇੰਜੀਨੀਅਰ ਦੇ ਰੂਪ ਵਿਚ ਕਰ ਲਈ ਗਈ। ਡਾ. ਕਲਾਮ ਨੂੰ ਛੇ ਮਹੀਨਿਆਂ ਲਈ ਪਰੀਖਣ ਦੀਆਂ ਤਕਨੀਕੀ ਬਰੀਕੀਆਂ ਸਿੱਖਣ ਵਾਸਤੇ ਨਾਸਾ ਭੇਜਿਆ ਗਿਆ। ਨਾਸਾ ਤੋਂ ਵਾਪਸ ਆ ਕੇ ਉਨ੍ਹਾਂ ਕਈ ਰਾਕੇਟਾਂ ਦਾ ਸਫ਼ਲ ਪਰੀਖਣ ਕੀਤਾ। ਇਥੇ ਕੰਮ ਕਰਦਿਆਂ ਉਨ੍ਹਾਂ ਦੀ ਅਗਵਾਈ ਵਿਚ ਐਸ. ਐਲ. ਵੀ. - 3 ਪਰਿਯੋਜਨਾ ਬਣਾਈ ਗਈ। ਇਸ ਪਰਿਯੋਜਨਾ ਤੇ ਕੰਮ ਕਰਦਿਆਂ ਐਸ. ਐਲ. ਵੀ. - 3 ਦਾ ਪਹਿਲਾ ਪਰੀਖਣ 11 ਅਗਸਤ 1979 ਈ. ਨੂੰ ਅਸਫ਼ਲ ਰਿਹਾ, ਪਰ ਛੇਤੀ ਹੀ 18 ਜੁਲਾਈ 1980 ਈ. ਨੂੰ ਸ਼੍ਰੀ ਹਰੀ ਕੋਟਾ ਤੋਂ ਇਸਨੂੰ ਸਫ਼ਲਤਾ ਸਹਿਤ ਆਕਾਸ਼ ਵਿਚ ਛੱਡ ਕੇ ਡਾ. ਕਲਾਮ ਨੇ ਆਪਣਾ ਅਤੇ ਆਪਣੇ ਦੇਸ਼ ਦਾ ਸੁਪਨਾ ਪੂਰਾ ਕੀਤਾ।

ਐਸ. ਐਲ. ਵੀ. ਪਰਿਯੋਜਨਾ ਪੂਰੀ ਹੋਣ ਤੋਂ ਬਾਅਦ 1982 ਈ. ਵਿਚ ਉਨ੍ਹਾਂ ਡੀ. ਆਰ. ਡੀ. ਐਲ. ਵਿਚ ਮਿਜ਼ਾਇਲ ਵਿਕਾਸ ਪ੍ਰੋਗਰਾਮ ਦੀ ਜ਼ਿੰਮੇਵਾਰੀ ਸੰਭਾਲ ਲਈ। ਜੂਨ 1982 ਈ. ਨੂੰ ਉਨ੍ਹਾਂ ਨੂੰ ਡੀ. ਆਰ. ਡੀ. ਐਲ. ਦਾ ਨਿਰਦੇਸ਼ਕ ਬਣਾਇਆ ਗਿਆ। ਉਨ੍ਹਾਂ ਦੀ ਸਫ਼ਲ ਅਗਵਾਈ ਵਿਚ ਵਿਗਿਆਨਕਾਂ ਅਤੇ ਇੰਜੀਨੀਅਰਾਂ ਦੀ ਲਗਾਤਾਰ ਮਿਹਨਤ ਤੇ ਲਗਨ ਕਾਰਣ ਭਾਰਤ ਨੇ ਕਈ ਮਿਜ਼ਾਇਲਾਂ ਦਾ ਸਫ਼ਲ ਪਰੀਖਣ ਕੀਤਾ ਜਿਨ੍ਹਾਂ ਵਿਚੋਂ ਤ੍ਰਿਸ਼ੂਲ, ਪ੍ਰਿਥਵੀ,

ਅਗਨੀ, ਨਾਗ ਤੇ ਆਕਾਸ਼ ਪ੍ਰਮੁੱਖ ਹਨ।

ਡਾ. ਕਲਾਮ ਦੀਆਂ ਉਪਲਬਧੀਆਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1981 ਵਿਚ ਪਦਮ ਭੂਸ਼ਣ, 1990 ਵਿਚ ਪਦਮ ਵਿਭੂਸ਼ਣ ਅਤੇ 1997 ਵਿਚ ਭਾਰਤ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਭਾਰਤ ਰਤਨ ਦੇ ਕੇ ਸਨਮਾਨਿਤ ਕੀਤਾ। ਭਾਰਤ ਰਤਨ ਦਾ ਸਨਮਾਨ ਪ੍ਰਾਪਤ ਕਰਨ ਵਾਲੇ ਉਹ ਡਾ. ਸੀ. ਵੀ. ਰਮਨ ਤੋਂ ਬਾਅਦ ਦੂਜੇ ਵਿਗਿਆਨੀ ਸਨ। ਇਸ ਤੋਂ ਅਲਾਵਾ ਦੁਨੀਆਂ ਭਰ ਦੀਆਂ 40 ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਿਤ ਕੀਤਾ।

11 ਅਤੇ 13 ਮਈ 1998 ਈ. ਨੂੰ ਉਨ੍ਹਾਂ ਦੇ ਨਾਂ ਨਾਲ ਇਕ ਹੋਰ ਉਪਲਬਧੀ ਜੁੜੀ ਜਦੋਂ ਉਨ੍ਹਾਂ ਦੀ ਅਗਵਾਈ ਵਿਚ ਭਾਰਤ ਨੇ ਪੋਖਰਣ (ਜੋਧਪੁਰ, ਰਾਜਸਥਾਨ) ਵਿਚ ਪਰਮਾਣੂ ਪਰੀਖਣ ਕਰ ਦੁਨੀਆਂ ਨੂੰ ਵਿਖਾ ਦਿੱਤਾ ਕਿ ਅਸੀਂ ਵੀ ਕਿਸੇ ਤੋਂ ਪਿੱਛੇ ਨਹੀਂ।

25 ਜੁਲਾਈ 2002 ਨੂੰ ਡਾ. ਕਲਾਮ ਨੇ ਭਾਰਤ ਦੇ 12 ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਅਤੇ ਹੋਰ ਮਹਾਨ ਹਸਤੀਆਂ ਦੇ ਨਾਲ-ਨਾਲ 100 ਸਕੂਲੀ ਬੱਚੇ, ਉਨ੍ਹਾਂ ਦੇ ਕਈ ਅਧਿਆਪਕਾਂ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ। ਡਾ. ਕਲਾਮ ਦੇ ਸਹੁੰ ਚੁੱਕ ਸਮਾਗਮ ਵਿਚ ਆਏ ਉਨ੍ਹਾਂ ਦੇ ਗੁਰੂ (ਅਧਿਆਪਕ) ਫਾਦਰ ਲਿਓਨਾਰਦ ਨੇ ਕਿਹਾ, "ਡਾ. ਕਲਾਮ ਵਰਗੇ ਵਿਦਿਆਰਥੀ ਕਿਸੇ ਗੁਰੂ ਨੂੰ ਬੜੀ ਕਿਸਮਤ ਨਾਲ ਮਿਲ਼ਦੇ ਹਨ। ਮੇਰਾ ਵਿਦਿਆਰਥੀ ਮੇਰੀਆਂ ਅੱਖਾਂ ਦੇ ਸਾਹਮਣੇ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕ ਰਿਹਾ ਹੈ। ਇਸ ਤੋਂ ਵੱਡੀ ਗੁਰੂ ਦਕਸ਼ਿਣਾ ਕੀ ਹੋ ਸਕਦੀ ਹੈ। ਕਲਾਮ ਨੇ ਇਸ ਅਹੁਦੇ ਤੇ ਪਹੁੰਚ ਕੇ ਵੀ ਆਪਣੇ ਅਧਿਆਪਕਾਂ ਨੂੰ ਯਾਦ ਰੱਖਿਆ। ਕੀ ਇਹ ਮਾਮੂਲੀ ਗੱਲ ਹੈ ?"

ਇਸ ਕਰਮਯੋਗੀ ਸ਼ਖ਼ਸੀਅਤ ਨੇ 27 ਜੁਲਾਈ 2015 ਨੂੰ ਆਪਣਾ ਆਖ਼ਰੀ ਸਾਹ ਵੀ ਲੋਕਾਂ ਲਈ 'ਧਰਤੀ ਤੇ ਜੀਵਨ' ਵਿਸ਼ੇ ਤੇ ਸ਼ਿਲੌਂਗ ਵਿਚ ਲੈਕਚਰ ਦਿੰਦਿਆਂ ਲਿਆ।

## ਅਭਿਆਸ

**1.** ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਅਣਜਾਣੇ | - | ਜਾਣੇ ਬਿਨਾਂ, ਨਾਵਾਕਿਫ਼ |
| ਲਗਨ | - | ਸ਼ੌਕ, ਰੁਚੀ |
| ਭਵਿੱਖਬਾਣੀ | - | ਆਉਣ ਵਾਲੇ ਸਮੇਂ ਬਾਰੇ ਪਹਿਲਾਂ ਹੀ ਦਿੱਤੀ ਜਾਣ ਵਾਲੀ ਜਾਣਕਾਰੀ |
| ਗਿਰਵੀ | - | ਗਹਿਣੇ ਰੱਖਿਆ ਹੋਇਆ |
| ਨਰੀਖਣ | - | ਪਰਖ |
| ਅੰਤਰਿਕਸ਼ | - | ਪੁਲਾੜ |
| ਪ੍ਰੋਗਰਾਮ | - | ਵਿਉਂਤਬੰਦੀ, ਯੋਜਨਾ |
| ਉਪਾਧੀ | - | ਪਦਵੀ, ਖਿਤਾਬ |
| ਸਮਾਗਮ | - | ਸਮਾਰੋਹ |
| ਅਹੁਦੇ | - | ਪਦ |

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:

(ੳ) ਡਾ. ਅਬਦੁਲ ਕਲਾਮ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

(ਅ) ਉਨ੍ਹਾਂ ਦਾ ਪੂਰਾ ਨਾਮ ਲਿਖੋ।

(ੲ) ਬਚਪਨ ਵਿਚ ਉਹ ਪੜ੍ਹਾਈ ਦੇ ਨਾਲ ਹੋਰ ਕੀ ਕੰਮ ਕਰਦੇ ਸਨ ?

(ਸ) ਆਪ ਨੂੰ ਪੜ੍ਹਾਈ ਲਈ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਦਾ ਹੱਲ ਕਿਸ ਤਰ੍ਹਾਂ ਹੋਇਆ ?

(ਹ) ਡਾ. ਕਲਾਮ ਨੂੰ ਕਿਹੜੇ-ਕਿਹੜੇ ਸਨਮਾਨ ਪ੍ਰਾਪਤ ਹੋਏ ?

(ਕ) ਡਾ. ਕਲਾਮ ਨੇ ਕਿਹੜੇ ਅਹੁਦਿਆਂ ਦੇ ਉੱਤੇ ਕੰਮ ਕੀਤਾ ?

(ਖ) ਡਾ. ਕਲਾਮ ਦੀ ਮੌਤ ਕਦੋਂ ਤੇ ਕਿੱਥੇ ਹੋਈ ?

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ:

ਸੁਪਨਾ, ਮਿਹਨਤ, ਭਵਿੱਖਬਾਣੀ, ਕਿੱਸਾ, ਅੰਤਰਿਕਸ਼, ਉਪਾਧੀ, ਅਗਵਾਈ

4. ਭਾਰਤ ਦੇ ਪੰਜ ਵਿਗਿਆਨੀਆਂ ਦੇ ਨਾਂ ਲਿਖੋ। ਇਨ੍ਹਾਂ ਵਿਚੋਂ ਕਿਸੇ ਇਕ ਵਿਗਿਆਨੀ ਬਾਰੇ ਇਕ ਪੇਜ ਲਿਖੋ।

ਅਧਿਆਪਕਾਂ ਲਈ:

ਡਾ. ਕਲਾਮ ਦੇ ਜੀਵਨ ਦੇ ਹੋਰ ਰੌਚਕ ਪ੍ਰਸੰਗਾਂ ਬਾਰੇ ਜਾਣਕਾਰੀ ਦਿਉ।

ਲੇਖ :

# ਪਾਠ - 5

## ਵਹਿਮ-ਭਰਮ

ਗਿਆਨੀ ਗੁਰਦਿੱਤ ਸਿੰਘ

ਮੇਰੇ ਪਿੰਡ ਦੇ ਲੋਕ ਵਹਿਮਾਂ-ਭਰਮਾਂ ਵਿਚ ਬੜਾ ਯਕੀਨ ਰੱਖਦੇ ਹਨ। ਹਰ ਕੰਮ ਤੋਂ ਪਹਿਲਾਂ ਸ਼ਗਨਾਂ, ਅਪ-ਸ਼ਗਨਾਂ ਬਾਰੇ ਵਿਚਾਰ ਕੀਤੀ ਜਾਂਦੀ ਹੈ ਕਿ ਇਹ ਕੰਮ ਕਿਹੜੇ ਭਲੇ ਵੇਲ਼ੇ ਚੰਗੇ ਸ਼ਗਨ ਹੋਣ 'ਤੇ ਠੀਕ ਹੋ ਸਕਦੇ ਹਨ, ਇਹ ਸਮੱਸਿਆ ਬਣੀ ਹੀ ਰਹਿੰਦੀ ਹੈ। ਜੇ ਕਿਧਰੇ ਕੰਮ ਨਾ ਹੋਵੇ, ਕੋਈ ਅਹੁਰ ਪੈ ਜਾਵੇ, ਉਸ ਦੇ 'ਕਾਰਣਾਂ' ਜਾਂ ਵਕਤ ਖੁੰਝ ਜਾਣ ਵਾਲ਼ੀਆਂ ਗੱਲਾਂ ਨੂੰ ਧਿਆਨ ਵਿਚ ਲਿਆਉਣ ਦੀ ਥਾਂਵੇਂ, ਇਹ ਖੋਜ ਕੀਤੀ ਜਾਂਦੀ ਹੈ ਕਿ ਇਸ ਕੰਮ ਦੇ ਅਰੰਭ ਸਮੇਂ ਹੀ ਕੋਈ ਕੁਸ਼ਗਨ ਤਾਂ ਨਹੀਂ ਹੋਇਆ ਸੀ ?

'ਜਦੋਂ ਆਪਾਂ ਸਲਾਹਾਂ ਕਰਦੇ ਸੀ ਜਾਏ-ਖਣੇ ਕੁੱਤੇ ਨੇ ਉਦੋਂ ਹੀ ਕੰਨ ਮਾਰੇ। ਮੇਰਾ ਤਾਂ ਉਸ ਵੇਲੇ ਮੱਥਾ ਠਣਕ ਗਿਆ ਸੀ ਕਿ ਹੁਣ ਕੰਮ ਨਹੀਂ ਹੋਣਾ।' ਘਰ ਵਾਲ਼ੀ ਭਾਗਵਾਨ, ਆਪਣੀ 'ਸਿਆਣਪ' ਨਾਲ਼ ਸਿਰ ਦੇ ਸਾਈਂ ਦੀ ਅਸਫ਼ਲਤਾ ਦੀ ਚਿੰਤਾ ਦਾ ਬੋਝ ਹੌਲ਼ਾ ਕਰਨ ਦਾ ਯਤਨ ਕਰਦੀ ਹੈ।

'ਇਕ ਗੱਲ ਥੋੜ੍ਹੇ ਆ, ਮੈਂ ਅਜੇ ਦਿਹਲੀਆਂ ਈ ਟੱਪਿਆ ਸੀ, ਰੰਘੜਾਂ ਦੀ ਕੁੜੀ ਨੇ ਠਾਹ ਛਿੱਕ ਮਾਰੀ। ਮੈਂ ਉੱਥੇ ਈ ਖੜ੍ਹੇ ਪੈਰ ਮੁੜ ਆਇਆ, ਜਦੋਂ ਖ਼ਾਸਾ ਚਿਰ ਪੈਰ ਮਲ਼ ਕੇ ਘਰੋਂ ਨਿਕਲ਼ ਕੇ ਅਗਾਂਹ ਗਿਆ ਤਾਂ ਸੌਂਧੇ ਦੀ ਕੁੜੀ ਅੱਗੋਂ ਖ਼ਾਲੀ ਟੋਕਰਾ ਲਈ ਆਉਂਦੀ ਟੱਕਰ ਪਈ। ਮੇਰੇ ਮਨ ਵਿਚ ਤਾਂ ਗੱਲ ਉਦੋਂ ਈ ਖੁੜਕ ਗਈ ਸੀ ਕਿ ਮੁਕੱਦਮਾ ਹੱਕ ਵਿਚ ਨਹੀਂ ਹੋਣਾ।' ਘਰ ਵਾਲ਼ਾ ਖਾਵੰਦ ਆਪਣੀ ਰੂਹ ਹੌਲ਼ੀ ਤੇ ਨਿਰਾਸਤਾ ਸਾਂਝੀ ਕਰਨ ਲਈ ਅੱਗੋਂ ਇਉਂ ਕਹਿ ਕੇ ਮਨ ਹੌਲ਼ਾ ਕਰ ਲੈਂਦਾ ਹੈ।

ਇਸ ਤਰ੍ਹਾਂ ਡੂੰਘੀਆਂ ਵਿਚਾਰਾਂ ਕਰਦਿਆਂ, ਕਾਰਜ ਨਾ ਹੋਣ ਦੇ ਕਾਰਣ ਲੱਭ-ਲੱਭ ਕੇ ਆਪਣੇ ਮਨ ਉੱਤੋਂ ਨਿਰਾਸਤਾ ਦੇ ਅਸਰ ਧੋਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਕੋਈ ਕੰਮ ਸੁੱਧ ਹੋ ਜਾਵੇ, ਫਿਰ ਉਸ ਪੱਖ ਦੇ ਪ੍ਰਮਾਣ ਇਕੱਠੇ ਕਰ ਲਏ ਜਾਂਦੇ ਹਨ:

"ਕੰਮ ਸ਼ੁਰੂ ਹੀ ਬੁੱਧਵਾਰ ਨੂੰ ਕੀਤਾ ਸੀ, ਕਿਉਂ ਨਾ ਠੀਕ ਹੁੰਦਾ ? 'ਬੁੱਧ ਕੰਮ ਸ਼ੁੱਧ', ਸਿਆਣਿਆਂ ਨੇ ਕਿਤੇ ਐਵੇਂ ਥੋੜ੍ਹੇ ਆਖਿਆ ਹੈ।"

ਰਾਤ ਨੂੰ ਸਲਾਹ ਕਰਦਿਆਂ ਤਾਏ ਨੇ ਕਿਹਾ, 'ਰਾਤ ਨੂੰ ਸਲਾਹ ਨਹੀਂ ਕਰੀਦੀ, ਮਾੜੀ ਹੁੰਦੀ ਹੈ।' ਮੈਂ ਗੱਲ ਉੱਥੇ ਹੀ ਛੱਡ ਦਿੱਤੀ। ਸਵੇਰੇ ਉੱਠ ਕੇ ਤਾਏ ਕੋਲ਼ ਬਾਹਰਲੇ ਘਰ ਗਿਆ, ਉੱਥੋਂ ਹੀ ਬਾਹਰੋਂ ਬਾਪੂ ਆ ਗਿਆ। ਗੱਲ ਇਹੋ ਜਿਹੀ ਹੋਈ, ਬਈ ਪੌਂ-ਬਾਰਾਂ ਹੀ ਪੈਂਦੇ ਗਏ। ਕਿਸੇ ਚੰਗੀ ਸੈਂਤ ਦੀ ਗੱਲ ਸੀ, ਪਤਾ ਨਹੀਂ ਕਿੱਧਰੇ ਅਚਨਚੇਤੀ ਢੋਅ-ਮੇਲ ਜੁੜਿਆ। ਪੁਰੇ ਦੀ ਠੰਢੀ ਹਵਾ ਵਗਦੀ ਸੀ, ਇਕ ਸੱਪ ਤੇ ਨਿਉਲ਼ਾ ਆਪਸ ਵਿਚ ਲੜਦੇ ਆਪਣੇ ਵਾੜੇ ਮੂਹਰੇ ਆ ਗਏ, ਤਾਇਆ ਕਹਿੰਦਾ, ਜਾਹ ਕੰਮ ਰਾਸ ਹੈ।' 'ਸਲਾਹ ਕਰਦਿਆਂ ਵੇਲ਼ੇ ਜੇ ਸੱਪ ਤੇ ਨਿਉਲ਼ਾ ਲੜਨ ਤਾਂ ਇਹ ਸ਼ਗਨ ਸਭ ਤੋਂ ਚੰਗਾ ਹੁੰਦਾ ਹੈ।'

ਇਸ ਤਰ੍ਹਾਂ ਚੰਗੇ-ਮੰਦੇ ਕੰਮਾਂ ਦੇ ਹੋਣ ਦੇ ਸ਼ਗਨਾਂ ਨਾਲ਼ ਨੱਥੀ ਕਰਕੇ ਸਿੱਟੇ ਕੱਢੇ ਜਾਂਦੇ ਹਨ। ਪਿੰਡ ਦਾ ਚੌਧਰੀ ਜਾਂ ਨੰਬਰਦਾਰ ਪਿੰਡ ਦਾ ਮੁਖੀਆ ਹੁੰਦਾ ਹੈ ਜੇ ਕਿਸੇ ਸ਼ੁਭ ਕੰਮ ਕਰਨ ਜਾਂਦੇ ਦੇ ਪਹਿਲੇ ਉਹ ਮੱਥੇ ਲੱਗ ਜਾਵੇ ਤਾਂ ਮਾੜਾ ਮੰਨਿਆ ਜਾਂਦਾ ਹੈ। ਰਸਤੇ ਵਿਚ, ਖਾਲੀ ਟੋਕਰਾ ਜਾਂ ਸੱਖਣਾ ਭਾਂਡਾ ਲਈ ਆਉਂਦੀ ਕੋਈ ਜਣੀ ਮਿਲ ਜਾਵੇ, ਕਿਸੇ ਗਿਰਾਂ

(ਵਾਂਢੇ) ਜਾਣ ਵਾਲ਼ਾ ਝੱਟ ਵਾਪਸ ਪਰਤ ਆਉਂਦਾ ਹੈ ਕਿ ਇਸ ਕੁਸ਼ਗਨ ਕਰਕੇ ਹੁਣ ਕੰਮ ਰਾਸ ਨਹੀਂ ਆਉਣਾ।

ਛੋਟੇ-ਛੋਟੇ ਬੱਚਿਆਂ ਦੀਆਂ ਦੁੱਧ ਦੀਆਂ ਦੰਦੀਆਂ ਜਦੋਂ ਉੱਖੜਨੀਆਂ ਸ਼ੁਰੂ ਹੁੰਦੀਆਂ ਹਨ, ਜੇ ਰਾਤ ਹੋਵੇ ਤਾਂ ਚੰਨ ਵੱਲ ਜੇ ਦਿਨ ਹੋਵੇ ਤਾਂ ਸੂਰਜ ਵੱਲ ਮੂੰਹ ਕਰਾ ਕੇ ਬੱਚਿਆਂ ਤੋਂ ਅਖਵਾਇਆ ਜਾਂਦਾ ਹੈ:

'ਸੂਰਜਾ ਸੂਰਜਾ! ਪੁਰਾਣਾ ਦੰਦ ਲੈ ਜਾ, ਨਵਾਂ ਦੰਦ ਦੇ ਜਾ।'

ਅਖੇ! 'ਇਸ ਤਰ੍ਹਾਂ ਦੀ ਪ੍ਰਾਰਥਨਾ ਨਾਲ਼ ਨਵੇਂ ਦੰਦ ਛੇਤੀ ਹੀ ਆ ਜਾਂਦੇ ਹਨ।' ਵਿਆਹ-ਸ਼ਾਦੀਆਂ ਵੇਲ਼ੇ ਬੜੇ ਪਿਆਰ ਨਾਲ਼ ਸਾਹਾ ਸੁਧਾਇਆ ਜਾਂਦਾ ਹੈ। ਕਿਹੜੇ ਦਿਨ ਦਾ ਯੋਗ ਜੁੜਦਾ ਹੈ, ਕਿਸ ਦਿਨ ਧਰਤੀ, ਅਸਮਾਨ ਦਾ ਸੰਜੋਗ ਹੈ, ਆਦਿ ਖ਼ਾਸ ਖ਼ਿਆਲ ਰੱਖਣ ਵਾਲ਼ੇ ਸੰਕੇਤ ਹਨ। ਕਿਧਰੇ ਲਾੜਾ ਮੰਗਲੀਕ ਤਾਂ ਨਹੀਂ? ਕਿਸੇ ਸਿਤਾਰੇ ਦਾ ਕਿਹੜੇ ਵੇਲ਼ੇ ਅਸਰ ਪੈਣਾ ਹੈ। ਪਾਂਧਾ ਪੱਤਰੀ ਦੇਖ ਕੇ ਖ਼ਾਸ ਸਮਾਂ ਮੁਕੱਰਰ ਕਰਦਾ ਹੈ।

ਨਰਕ ਤੱਕ ਬੰਦੇ ਨੂੰ ਕਿਤੇ ਸੌਖਾ ਜਿਹਾ ਥੋੜ੍ਹੇ ਅੱਪੜਨ ਦਿੱਤਾ ਜਾਂਦਾ ਹੈ। ਜੀਉਂਦੇ ਜੀਵ ਲਈ ਹਰ ਤਰ੍ਹਾਂ ਦੀ ਹੀਮ-ਕੀਮ ਤੋਂ ਬਚਣ ਵਾਸਤੇ ਕਿਸੇ ਸਿਆਣੇ ਭਾਈ ਤੋਂ ਸ਼ਬਦ ਲਿਖਾ ਕੇ ਤਾਂਬੇ ਅਤੇ ਚਾਂਦੀ ਤੇ ਤਵੀਤ ਮੜ੍ਹਾ-ਮੜ੍ਹਾ ਗਲ਼ਾਂ ਵਿਚ ਪਾਏ ਜਾਂਦੇ ਹਨ। ਜੇ ਕਿਸੇ ਟੱਬਰ ਦੇ ਜੀਅ ਦਾ ਸਿਰ ਦੁਖੇ, ਕਿਸੇ ਦੀ ਹੋਰ ਖ਼ਰਾਬੀ ਕਾਰਨ ਤਬੀਅਤ ਨਾਸਾਜ਼ ਹੋ ਜਾਵੇ, ਤਕੀਏ ਵਾਲ਼ੇ ਸਾਈਂ ਤੋਂ ਗੁੱਗਲ਼ ਕਰਾ, ਉਸ ਨੂੰ ਕੋਰੇ ਚੱਪਣ ਵਿਚ ਪਾ ਕੇ ਪਹਿਲਾਂ ਧੂਣੀ ਦਿੱਤੀ ਜਾਂਦੀ ਹੈ। ਫਿਰ ਪਾਣੀ ਉੱਤੇ ਮੰਤਰ ਪੜ੍ਹਾ ਕੇ ਉਸ ਦੇ ਛਿੱਟੇ ਦਿੱਤੇ ਜਾਂਦੇ ਹਨ। ਅਖੇ! 'ਇਹ ਕਰਾਇਆ ਹੋਇਆ ਪਾਣੀ ਸਭ ਪੀੜਾਂ ਹਰ ਦੇਂਦਾ ਹੈ।' ਅੱਧਾ ਸਿਰ ਦੁੱਖੇ ਤਾਂ ਪੁੜਪੁੜੀਆਂ ਨੂੰ ਠੀਕਰੀਆਂ ਨਾਲ਼ ਘੁੱਟ ਕੇ ਮੰਤਰ-ਪਾਠ ਕੀਤਾ ਜਾਂਦਾ ਹੈ। ਇਹ ਮੰਤਰ ਕਿਹੋ ਜਿਹਾ ਹੁੰਦਾ ਹੈ? ਇਸ ਦੀ ਜਾਣਕਾਰੀ ਦੀ ਲੋੜ ਨਹੀਂ ਸਮਝੀ ਜਾਂਦੀ। ਜਿਸ ਨੇ ਮੰਤਰ ਪੜ੍ਹਨਾ ਹੁੰਦਾ ਹੈ ਉਸ ਦੇ 'ਹੱਥ-ਜਸ' ਨੂੰ ਪਹਿਲ ਦਿੱਤੀ ਜਾਂਦੀ ਹੈ ਕਿ 'ਅਮਕੇ ਬੰਦੇ ਦੇ ਤਾਂ ਬੱਸ ਫ਼ੂਕ ਮਾਰਨ ਦੀ ਘੌਲ਼ ਹੈ, ਝੱਟ ਸਿਰ-ਪੀੜ ਹਟ ਜਾਂਦੀ ਹੈ।'

ਨਵਾਂ ਘਰ ਬਣਨ ਸਾਰ ਝੱਟ ਕਾਲ਼ਾ ਤਪਲਾ (ਤੌੜੀ) ਅਤੇ ਟੁੱਟਿਆ ਛਿੱਤਰ ਬਨੇਰੇ ਉੱਤੇ ਟੰਗ ਦਿੰਦੇ ਹਨ, ਤਾਂ ਜੋ ਮਕਾਨ ਸੁਹਣਾ ਲੱਗਣ 'ਤੇ ਕਿਸੇ ਦੀ ਭੈੜੀ 'ਨਜ਼ਰ' ਨਾ ਲੱਗ ਜਾਵੇ। ਨਜ਼ਰ ਦੇ ਡਰ ਤੋਂ ਹੀ ਛੋਟੇ-ਛੋਟੇ ਬੱਚਿਆਂ ਦੇ ਵਾਲ਼ ਵਾਹ ਕੇ ਸੁਰਮਾ ਪਾ ਤਵੇ ਦੀ ਕਾਲ਼ਖ ਜਾਂ ਹਾਰੇ ਦੀ ਸੁਆਹ ਦਾ ਮੱਥੇ ਨੂੰ ਟਿੱਕਾ ਲਾ ਦਿੰਦੇ ਹਨ। ਛੋਟੇ ਬੱਚਿਆਂ ਨੂੰ ਨਜ਼ਰ ਤੋਂ ਬਚਾਉਣ ਲਈ ਇਕ ਮੋਟਾ ਤੇ ਭੱਦਾ ਜਿਹਾ ਕਾਲ਼ਾ ਪੱਥਰ ਜਿਸ ਨੂੰ 'ਨਜ਼ਰ-ਬੱਟੂ' ਕਹਿੰਦੇ ਹਨ, ਮੜ੍ਹ ਕੇ ਗਲ਼ ਵਿਚ ਪਾ ਦਿੰਦੇ ਹਨ। ਕਈ ਵਾਰ ਇਸ ਕਰਵਾਏ ਹੋਏ ਧਾਗੇ ਨਾਲ਼ ਚਾਂਦੀ ਦੀ ਤਲਵਾਰ ਦਾ ਚਿੰਨ੍ਹ 'ਤੇ ਸ਼ੇਰ ਦੀ ਜਾੜ੍ਹ ਵੀ ਮੜ੍ਹਾ ਕੇ ਅੜੁੰਗ ਦਿੱਤੀ ਜਾਂਦੀ ਹੈ। ਛੋਟੇ ਬੱਚਿਆਂ ਲਈ ਚਿਮਟਾ, ਖੁਰਚਣਾ, ਪਰਾਤ ਵਿਚ ਧੋ ਕੇ ਪਾਣੀ ਪਿਆਉਣ ਤੇ ਛਿੜਕਣ ਨਾਲ਼ ਵੀ ਕਹਿੰਦੇ ਹਨ ਕਿ ਨਜ਼ਰ ਦਾ ਅਸਰ ਦੂਰ ਹੋ ਜਾਂਦਾ ਹੈ। ਕਹਿੰਦੇ ਹਨ 'ਸੱਪ ਦਾ ਡੰਗਿਆ ਬੰਦਾ ਬਚ ਰਹਿੰਦਾ ਹੈ ਪਰ ਨਜ਼ਰ ਦਾ ਡੰਗਿਆ ਨਹੀਂ ਬਚਦਾ। ਨਜ਼ਰ ਤਾਂ ਪੱਥਰਾਂ ਨੂੰ ਵੀ ਪਾੜ ਦਿੰਦੀ ਹੈ।'

ਹਫ਼ਤੇ ਦੇ ਸੱਤ ਦਿਨ, ਆਪਣੇ ਚੰਗੇ-ਮੰਦੇ ਫਲ਼ਾਂ ਕਾਰਨ ਵੱਖਰੀ-ਵੱਖਰੀ ਮਹੱਤਤਾ ਦੇ ਲਖਾਇਕ ਮੰਨੇ ਜਾਂਦੇ ਹਨ। ਮੰਗਲਵਾਰ ਜਾਂ ਐਤਵਾਰ ਨੂੰ ਸਿਰ ਨਹਾਉਣ ਪਿੱਛੋਂ ਕਿਸੇ ਬਾਲ-ਬੱਚੇ ਨੂੰ ਪੁੱਠੇ ਤਵੇ ਦੀ ਸੁਆਹ ਬੁੱਲ੍ਹਾਂ ਨੂੰ ਮਲ਼ੇ ਬਿਨਾਂ ਬਾਹਰ ਨਹੀਂ ਨਿਕਲਣ ਦਿੱਤਾ ਜਾਂਦਾ। ਖ਼ਿਆਲ ਹੈ ਕਿ ਇਸ ਦਿਨ 'ਇੱਲ-ਬਲਾ' ਦੂਰੋਂ ਭੱਜ ਕੇ ਚਿੰਮੜਦੀ ਹੈ ਪਰ ਇਹ ਕਾਲ਼ਾ ਧੱਬਾ ਦੇਖ ਕੇ ਨੇੜੇ ਨਹੀਂ ਆਉਂਦੀ। ਜੇ ਭੂਤ ਦਾ ਡਰ ਹੋਏ, ਸਿਵਿਆਂ ਵਿਚ ਦੀ ਲੰਘਣਾ ਪਵੇ ਤਾਂ ਬੱਚੇ ਹੱਥਾਂ ਵਿਚ ਲੋਹੇ ਦੇ ਕਿੱਲ ਫੜ ਲੈਂਦੇ ਹਨ। ਕਹਿੰਦੇ ਹਨ ਲੋਹੇ ਦੇ ਨੇੜੇ ਚੁੜੇਲਾਂ ਨਹੀਂ ਆਉਂਦੀਆਂ।

ਸਰਕਾਰ ਦੇ ਕਾਨੂੰਨ ਨੇ ਤਾਂ ਐਤਵਾਰ ਨੂੰ ਛੁੱਟੀ ਦਾ ਦਿਨ ਬਣਾ ਦਿੱਤਾ ਹੈ ਪਰ ਪਿੰਡਾਂ ਦੇ ਸ਼ਾਹੂਕਾਰ ਇਸ ਦਿਨ

ਹੱਟੀਆਂ ਦੀਆਂ ਚੌਂਕੜੀਆਂ ਉੱਤੇ ਇਸ ਲਈ ਪੋਚਾ ਫੇਰਦੇ ਹਨ ਕਿ ਇਉਂ ਹਫ਼ਤਾ ਭਰ ਗਾਹਕੀ ਚੰਗੀ ਪੈਂਦੀ ਰਹਿੰਦੀ ਹੈ।

ਸੋਮਵਾਰ ਚੰਗਾ ਦਿਨ ਮੰਨਿਆ ਗਿਆ ਹੈ। ਸੋਮਵਾਰੀ ਮੱਸਿਆ 'ਤੇ ਜੇ ਕਿਧਰੇ ਉਹ ਵੀ ਚੇਤ ਜਾਂ ਭਾਦਰੋਂ ਦੀ ਆ ਜਾਵੇ ਤਾਂ ਦੂਰ-ਨੇੜੇ ਦੇ ਤੀਰਥਾਂ ਉੱਤੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਲਈ ਬੁੱਢੀਆਂ ਦੇ ਜੱਥਿਆਂ ਦੇ ਜੱਥੇ ਵਹੀਰਾਂ ਪਾ ਦਿੰਦੇ ਹਨ। ਸੋਮਵਾਰ ਨੂੰ ਮੰਜੀ ਬੁਣਨ ਦਾ ਉਦਘਾਟਨ ਕਰ ਲੈਣਾ ਵੀ ਬੜਾ ਲਾਹੇਵੰਦ ਹੈ। ਮੰਗਲਵਾਰ ਬਾਰੇ ਇਕ ਅਖਾਣ ਮਸ਼ਹੂਰ ਹੈ।

'ਮੰਗਲਵਾਰ ਨੂੰ ਤਾਂ ਭਾਈ ! ਟੋਭੇ ਵਿਚ ਮਹਿੰ ਵੀ ਸਿਰ ਨਹੀਂ ਭਿਉਂਦੀ।' ਨਾਲ਼ ਹੀ ਮੰਗਲਵਾਰ ਨੂੰ ਮਰਦ-ਦਿਨ ਵੀ ਮੰਨਿਆ ਗਿਆ ਹੈ। ਨਵੇਂ ਘਰ ਦੀ ਇਸ ਦਿਨ ਨੀਂਹ ਧਰਨੀ ਚੰਗੀ ਸਮਝੀ ਜਾਂਦੀ ਹੈ। ਇੱਟਾਂ ਦੇ ਆਵੇ ਜਾਂ ਭੱਠੇ ਨੂੰ ਅੱਗ ਦੇਣ ਲਈ ਇਸ ਦਿਨ ਦਾ ਵਿਚਾਰ ਸ਼ੁਭ ਹੈ ਪਰ ਮੰਗਲਵਾਰ ਤੇ ਬੁੱਧਵਾਰ ਨੂੰ ਪਹਾੜ ਵੱਲ ਜਾਣਾ ਕੁਸ਼ਗਨ ਮੰਨਿਆ ਗਿਆ ਹੈ।

ਸੱਤਾਂ ਦਿਨਾਂ ਤੋਂ ਇਲਾਵਾ ਕੁਝ ਦਿਨ ਹੋਰ ਵੀ ਹਨ, ਜਿਨ੍ਹਾਂ ਦੀ ਮਹੱਤਤਾ ਅਤੇ ਉਹਨਾਂ ਬਾਰੇ ਵਹਿਮ ਭਰਮ ਵਿਲੱਖਣ ਹਨ, ਜਿਵੇਂ ਲੋਹੜੀ ਤੋਂ ਦੂਜਾ 'ਬਾਹੀ' ਤੇ ਤੀਜਾ ਦਿਨ 'ਤੇਹੀ' ਦਿਨ ਕਿਹਾ ਜਾਂਦਾ ਹੈ। ਇਹਨਾਂ ਦਿਨਾਂ ਵਿਚ, ਵਿਚਾਰ ਹੈ ਅਖੇ ! 'ਕਿਸੇ ਨੂੰ ਰਿਸ਼ਤੇਦਾਰ ਦੇ ਘਰ ਨਹੀਂ ਜਾਣਾ ਚਾਹੀਦਾ। ਜੋ ਇਸ ਦਿਨ ਅਗਲੇ ਦੇ ਮੰਜੇ ਦੀ ਬਾਹੀ ਦੱਬੀ ਜਾਵੇ (ਮੰਜੇ ਉੱਤੇ ਬੈਠ ਜਾਵੇ) ਤਾਂ ਉਸ ਦੇ ਘਰ ਫਿਰ ਸਾਰਾ ਸਾਲ ਪ੍ਰਾਹੁਣੇ ਆਉਂਦੇ ਰਹਿੰਦੇ ਹਨ।

ਪੰਜ ਕਲਿਆਣੀ ਮਹਿੰ, ਜਿਸ ਦੇ ਚਾਰੇ ਖੁਰ ਚਿੱਟੇ ਤੇ ਮੱਥੇ ਉੱਤੇ ਚਟਾਕ (ਫੁੱਲ) ਹੋਵੇ, ਭਾਗਾਂ ਵਾਲੀ ਮੰਨੀ ਜਾਂਦੀ ਹੈ। ਜੇ ਕਾਲ਼ੇ ਰੰਗ ਦੀ ਮਹਿੰ ਦੀ ਪੂਛ ਦਾ ਚੌਰ ਵੀ ਕਾਲ਼ਾ ਹੋਵੇ ਤਾਂ ਉਸ ਘਰ ਵਾਧਾ ਨਹੀਂ ਹੁੰਦਾ। ਜੇ ਘੋੜੀ ਜਾਂ ਘੋੜੇ ਦੇ ਮੱਥੇ ਉੱਤੇ ਚਿੱਟਾ ਚਟਾਕ (ਫੁੱਲ) ਹੋਵੇ ਤਾਂ 'ਤਾਰੇ ਵਾਲ਼ਾ ਘੋੜਾ ਲੈ ਡੁੱਬੇਗਾ ਬੇੜਾ' ਦੇ ਅਖਾਣ ਮੁਤਾਬਿਕ ਸਾਰੀ ਕੁਲ ਲਈ ਨੁਕਸਾਨ-ਦੇਹ ਸਮਝਿਆ ਜਾਂਦਾ ਹੈ।

ਪਸ਼ੂ ਖਰੀਦਣ ਵੇਲ਼ੇ ਗੋਹਾ ਕਰੇ ਤਾਂ ਚੰਗਾ, ਮੂਤ ਦੇਵੇ ਤਾਂ ਮਾੜਾ ਹੁੰਦਾ ਹੈ। ਲਵੇਰਾ ਖ਼ਰੀਦਣ ਵੇਲੇ ਭਰੇ ਥਣੀਂ ਘਰ ਲਿਆਉਣਾ ਲਾਭਕਾਰੀ ਸਮਝਿਆ ਜਾਂਦਾ ਹੈ। ਨਵੇਂ ਖ਼ਰੀਦੇ ਪਸ਼ੂ ਨੂੰ ਘਰ ਲਿਆ ਕੇ ਸਭ ਤੋਂ ਪਹਿਲਾਂ ਕਾਂਸੀ ਦੇ ਭਾਂਡੇ (ਛੰਨੇ ਜਾਂ ਥਾਲੀ ਵਿਚ) ਚਾਂਦੀ ਦਾ ਕੋਈ ਗਹਿਣਾ ਪਾ ਕੇ ਸੁੰਘਾ ਦਿੰਦੇ ਹਨ, ਨਾਲ਼ ਹੀ ਉਸ ਦੇ ਮੂਹਰੇ ਛੋਲੇ ਰੱਖ ਦਿੱਤੇ ਜਾਂਦੇ ਹਨ, ਤਾਂ ਜੋ ਪਸ਼ੂ ਛੋਲਿਆਂ ਦੇ ਲਾਲਚ ਹੀ ਚਾਂਦੀ ਨੂੰ ਮੂੰਹ ਮਾਰ ਲਵੇ, ਨਾਲ਼ੇ ਪਹਿਲਾਂ ਛੋਲੇ ਪਾਉਣੇ ਉਂਞ ਵੀ ਤਾਂ ਚੰਗੇ ਹੁੰਦੇ ਹਨ।

ਇਉਂ ਸਾਉਣ ਦੇ ਮਹੀਨੇ ਘੋੜੀ, ਮਾਘ ਵਿਚ ਮਹਿੰ, ਭਾਦੋਂ ਵਿਚ ਸੂਈ ਗਾਂ, ਘਰ ਵਿਚ ਰੱਖਣੀ ਉਂਞ ਚੰਗੀ ਨਹੀਂ ਸਮਝੀ ਜਾਂਦੀ।

ਅਸਮਾਨ ਉੱਤੇ ਬਿਜਲੀ ਕੜਕਦੀ ਹੋਵੇ, ਸਿਆਣੀਆਂ ਬੁੜ੍ਹੀਆਂ ਮਾਮੇ-ਭਾਣਜੇ ਨੂੰ ਝੱਟ ਵੱਖ-ਵੱਖ ਕਰ ਦਿੰਦੀਆਂ ਹਨ। ਖ਼ਿਆਲ ਹੈ ਕਿ ਮਾਮੇ-ਭਾਣਜੇ ਉੱਤੇ ਬਿਜਲੀ ਮੱਲੋ-ਜ਼ੋਰੀ ਹੀ ਆ ਡਿੱਗਦੀ ਹੈ। ਹਾਲਾਂਕਿ ਇਹ ਘਟਨਾ ਕਿਸੇ ਨੇ ਕਿਧਰੇ ਵਾਪਰੀ, ਸੁਣੀ ਦੇਖੀ ਨਹੀਂ।

ਦੁਸਹਿਰੇ ਵਾਲ਼ੇ ਦਿਨ 'ਗਰੁੜ' ਦਾ ਦਿਸਣਾ ਚੰਗਾ ਵਰ੍ਹਾ ਚੜ੍ਹਨ ਦਾ ਸ਼ੁਭ-ਸ਼ਗਨ ਹੁੰਦਾ ਹੈ। ਕਹਿੰਦੇ ਹਨ ਗਰੁੜ ਉੱਤੇ ਭਗਵਾਨ ਆਪ ਸਵਾਰੀ ਕਰਦੇ ਹਨ। ਜਿਸ ਦੇ ਚੰਗੇ ਭਾਗ ਹੋਣ, ਉਸ ਕੋਲ਼ ਭਗਵਾਨ ਇਸ ਦਿਹਾੜੇ ਗਰੁੜ ਨੂੰ ਭੇਜਦੇ ਹਨ।

ਉੱਲੂ ਦਿਨੇ ਦਿੱਸੇ ਤਾਂ ਮਾੜਾ ਮੰਨਿਆ ਜਾਂਦਾ ਹੈ, ਰਾਤ ਨੂੰ ਦਿਸੇ ਤਾਂ ਚੰਗਾ। ਕਹਿੰਦੇ ਹਨ ਇਸ ਦੇ ਆਪਣੇ ਖੰਭ ਨਹੀਂ, ਪੰਛੀਆਂ ਤੋਂ ਮੰਗਵੇਂ-ਖੰਭ ਲਏ ਹੁੰਦੇ ਹਨ। ਇਸ ਲਈ ਦਿਨੇ ਇਸ ਨੂੰ ਖੰਭਾਂ ਵਾਲ਼ੇ ਪੰਛੀ ਦੇਖ ਨਹੀਂ ਸੁਖਾਂਦੇ, ਇਸ

ਕਰਕੇ ਦਿਨੇ ਇਹਦੇ ਖੰਭ ਖੋਹਣ ਲੱਗ ਜਾਂਦੇ ਹਨ, ਇਹ ਰਾਤ ਨੂੰ ਹੀ ਬਾਹਰ ਨਿਕਲਦਾ ਹੈ।

ਰਾਤਾਂ ਨੂੰ ਬਿੱਲੀ ਦਾ ਬੋਲਣਾ ਮਾੜਾ ਸਮਝਦੇ ਹਨ। ਲੋਕਾਂ ਦੇ 'ਵਿਚਾਰ-ਸ਼ਾਸਤਰ' ਅਨੁਸਾਰ ਬਿੱਲੀ ਮਾਰਨੀ ਮਹਾਂ-ਪਾਪ ਹੈ। ਵਿਚਾਰ ਹੈ ਕਿ ਬਿੱਲੀ ਮਾਰੀ ਦਾ ਪਾਪ ਸੱਤ ਵਾਰੀ ਗੰਗਾ ਨਹਾਏ ਤੋਂ ਵੀ ਨਹੀਂ ਲਹਿੰਦਾ। ਇਸ ਲਈ ਜਦੋਂ ਕਿਸੇ ਤੋਂ ਅਣਹੋਣੀ ਗੱਲ ਮਨਾਈ ਜਾਵੇ ਤਾਂ ਆਖਿਆ ਜਾਂਦਾ ਹੈ 'ਮੈਥੋਂ ਕੀ ਬਿੱਲੀ ਮਰ ਗਈ ਹੈ ?' ਬਿੱਲੀ ਬਾਰੇ ਕਹਿੰਦੇ ਹਨ ਕਿ ਇਹ ਆਪਣੇ ਬਲੂੰਗੜੇ ਸੱਤ ਦੇਹਲੀਆਂ ਟਪਾ ਕੇ ਫਿਰ ਉਹਨਾਂ ਦਾ ਸਾਥ ਛੱਡਦੀ ਹੈ। ਏਨੇ ਨੂੰ ਉਹਨਾਂ ਦੀ ਦੁੜੰਗੇ ਮਾਰਨ ਦੀ ਪ੍ਰੈਕਟਿਸ ਜੋ ਹੋ ਜਾਂਦੀ ਹੈ।

ਰਾਤਾਂ ਨੂੰ ਕੁੱਤਿਆਂ ਦਾ ਉੱਚੀ-ਉੱਚੀ ਰੋਣਾ, ਪਿੰਡ ਵਿਚ ਕਿਸੇ ਜੀਅ ਦੇ ਨੁਕਸਾਨ ਹੋਣ ਦਾ ਸੰਕੇਤ ਮੰਨਿਆ ਜਾਂਦਾ ਹੈ। ਕਹਿੰਦੇ ਹਨ ਪਿੰਡ ਵਿਚੋਂ ਜਿਨ੍ਹਾਂ ਜੀਆਂ ਨੂੰ ਲਿਜਾਣਾ ਹੁੰਦਾ ਹੈ, ਉਹਨਾਂ ਨੂੰ ਅਜ਼ਰਾਈਲ (ਮੌਤ ਦੇ ਫ਼ਰਿਸ਼ਤੇ) ਲੱਭਦੇ ਫਿਰਦੇ, ਕੁੱਤਿਆਂ ਨੂੰ ਦਿਸ ਪੈਂਦੇ ਹਨ।

ਕੁੱਕੜੀ ਦਾ ਰਾਤ ਨੂੰ ਕੁੜਕਣਾ, ਕਾਂਵਾਂ ਦਾ ਕੁਰਲੀਆ ਕਰਨਾ, ਭਿਆਨਕ ਹਾਲਾਤ ਵਾਪਰਨ ਦੇ ਸੂਚਕ ਸਮਝੇ ਜਾਂਦੇ ਹਨ।

ਰਾਤੀਂ ਦੀਵਾ ਬੁਝਾਉਣ ਵੇਲ਼ੇ ਕਹਿੰਦੇ ਹਨ ਦੀਵਾ ਫੂਕ ਮਾਰ ਕੇ ਬੁਝਾਉਣਾ ਮਾੜਾ ਹੁੰਦਾ ਹੈ। ਦੀਵੇ ਦੀ ਬੱਤੀ ਥੱਲੇ ਖਿੱਚ ਦੇਣੀ ਚਾਹੀਦੀ ਹੈ, ਜਿਸ ਨੂੰ ਦੀਵਾ ਵੱਡਾ ਕਰਨਾ ਕਹਿੰਦੇ ਹਨ। ਕਈ ਸਿਆਣੀਆਂ ਬੁੜ੍ਹੀਆਂ ਦੀਵਾ ਬੁਝਾਉਣ ਵੇਲੇ ਇਹ ਟੱਪੇ ਵੀ ਆਖਦੀਆਂ ਹਨ ਤਾਂ ਜੋ ਆਉਣ ਵਾਲ਼ੀ ਰਾਤ ਸ਼ੁਭ-ਸ਼ਗਨਾਂ ਵਾਲ਼ੀ ਆਵੇ:

'ਜਾਹ ਦੀਵਿਆ ਘਰ ਆਪਣੇ, ਸੁੱਖ ਵਸਾਈਂ ਰਾਤ।
ਰਿਜ਼ਕ ਲਿਆਈਂ ਭਾਲ਼ ਕੇ ਤੇਲ ਲਿਆਈਂ ਸਾਥ।'

ਮੁਕਦੀ ਗੱਲ ਇਹ ਕਿ ਸਾਡੀ ਪਹਿਲੀ ਪੀੜ੍ਹੀ ਦੇ ਬਹੁਤ ਲੋਕ ਤਾਂ ਇਹਨਾਂ ਵਹਿਮਾਂ-ਭਰਮਾਂ ਵਿਚ ਯਕੀਨ ਰੱਖਦੇ ਹਨ ਪਰ ਵਿਗਿਆਨਕ ਸੋਚ ਵਾਲ਼ੀ ਨਵੀਂ ਪੀੜ੍ਹੀ ਕਿਸੇ ਵੀ ਵਹਿਮ-ਭਰਮ ਨੂੰ ਵਿਗਿਆਨਕ ਨਜ਼ਰ ਨਾਲ਼ ਪਰਖਦੀ ਹੈ ਅਤੇ ਸਾਰੇ ਵਹਿਮਾਂ-ਭਰਮਾਂ ਨੂੰ ਰੱਦ ਕਰਦੀ ਜਾ ਰਹੀ ਹੈ। ਜਿਉਂ-ਜਿਉਂ ਵਿੱਦਿਆ ਦਾ ਚਾਨਣ ਫੈਲ ਰਿਹਾ ਹੈ ਇਹਨਾਂ ਵਹਿਮਾਂ-ਭਰਮਾਂ ਦਾ ਘਟਣਾ ਜ਼ਰੂਰੀ ਹੈ।

## ਅਭਿਆਸ

**1.** ਔਖੇ ਸ਼ਬਦਾਂ ਦੇ ਅਰਥ :

ਅਹੁਰ ਪੈਣਾ - ਕੁਝ ਭੈੜਾ ਵਾਪਰਨਾ
ਖ਼ਾਵੰਦ - ਮਰਦ, ਪਤੀ
ਸ਼ੁੱਧ - ਠੀਕ, ਚੰਗਾ
ਨੱਥੀ ਕਰਕੇ - ਜੋੜ ਕੇ
ਮੁਕੱਰਰ ਕਰਨਾ - ਮਿਥਣਾ
ਵਹੀਰਾਂ ਪਾਉਣਾ - ਇੱਕਠੇ ਹੋ ਕੇ ਤੁਰ ਪੈਣਾ
ਅਣਹੋਣੀ - ਅਸੰਭਵ
ਕੁੜਕਣਾ - ਕੁੜ ਕੁੜ ਕਰਨਾ
ਕੁਰਲੀਆ - ਕੁਰਲਾਉਣਾ

ਸੈਂਤ - ਮੌਕੇ, ਚੰਗਾ ਸਮਾਂ, ਸਿਤਾਰੇ

ਮਹਿੰ - ਮੱਝ

ਮੱਲੋ-ਜੋਰੀ - ਧੱਕੇ ਨਾਲ

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪਾਠ ਦੇ ਆਧਾਰ ਤੇ ਦਿਉ :

(ੳ) ਪਿੰਡ ਦੇ ਲੋਕਾਂ ਵਿਚ ਵਹਿਮਾਂ-ਭਰਮਾਂ ਦੀ ਸਮੱਸਿਆ ਕਿਉਂ ਬਣੀ ਰਹਿੰਦੀ ਹੈ ?

(ਅ) ਇਸ ਪਾਠ ਵਿਚ ਸੱਪ ਤੇ ਨਿਉਲ਼ੇ ਦੀ ਲੜਾਈ ਨੂੰ ਚੰਗਾ ਸ਼ਗਨ ਕਿਉਂ ਮੰਨਿਆ ਗਿਆ ਹੈ ?

(ੲ) ਸਾਹਾ ਸੁਧਾਉਣ (ਵਿਆਹ ਰੱਖਣ) ਤੋਂ ਪਹਿਲਾਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ ?

(ਸ) ਬੱਚਿਆਂ ਨੂੰ ਨਜ਼ਰ ਲੱਗਣ ਤੋਂ ਬਚਾਉਣ ਲਈ ਲੋਕ ਕੀ ਕੁਝ ਕਰਦੇ ਹਨ ?

(ਹ) ਹ਼ਫ਼ਤੇ ਦੇ ਕਿਹੜੇ-ਕਿਹੜੇ ਦਿਨਾਂ ਨੂੰ ਚੰਗਾ ਅਤੇ ਕਿਹੜੇ-ਕਿਹੜੇ ਦਿਨਾਂ ਨੂੰ ਮਾੜਾ ਮੰਨਿਆ ਜਾਂਦਾ ਹੈ ? ਸੰਖੇਪ ਵਿਚ ਲਿਖੋ।

(ਕ) ਇਸ ਪਾਠ ਵਿਚ ਆਏ ਕੋਈ ਤਿੰਨ ਵਹਿਮਾਂ-ਭਰਮਾਂ ਬਾਰੇ ਲਿਖੋ।

3. ਹੇਠ ਲਿਖੇ ਸ਼ਬਦਾਂ ਅਤੇ ਮੁਹਾਵਰਿਆਂ ਦੇ ਵਾਕ ਬਣਾਓ:

ਮੱਥਾ ਠਣਕਣਾ, ਪੈਰ ਮਲਣਾ, ਮਨ ਹੌਲ਼ਾ ਕਰਨਾ, ਪੌਂ-ਬਾਰਾਂ ਹੋਣਾ, ਰੰਘੜ, ਖ਼ਾਵੰਦ, ਨਾਸਾਜ਼, ਸ਼ਿਵ, ਮੁਰਾਦ, ਵਹੀਰਾਂ, ਕੜਕਦੀ, ਅਜ਼ਰਾਈਲ, ਹਾਰਾ

4. ਅਧਿਆਪਕਾਂ ਲਈ :

ਅਧਿਆਪਕ ਜਨਮ, ਵਿਆਹ ਅਤੇ ਮੌਤ ਨਾਲ਼ ਜੁੜੇ ਵਹਿਮਾਂ ਭਰਮਾਂ ਪਿੱਛੇ ਕੰਮ ਕਰਦੇ ਵਿਸ਼ਵਾਸਾਂ ਬਾਰੇ ਦੱਸ ਕੇ ਉਨ੍ਹਾਂ ਦੀ ਅਜੋਕੇ ਯੁੱਗ ਵਿਚ ਨਿਰਾਰਥਕਤਾ ਬਾਰੇ ਵੀ ਦੱਸੇ।

5. ਅਧਿਆਪਕ ਸਰੀਰ ਦੇ ਅੰਗਾਂ ਨਾਲ਼ ਜੁੜੇ ਅੰਧ ਵਿਸ਼ਵਾਸਾਂ ਦੀ ਜਾਣਕਾਰੀ ਦੇ ਕੇ, ਅੱਜ-ਕੱਲ ਅੱਖਾਂ ਦਾਨ ਕਰਨ ਅਤੇ ਹੋਰ ਅੰਗਾਂ ਦੇ ਦਾਨ ਕਰਨ ਦਾ ਮਹੱਤਵ ਵੀ ਦੱਸੇ।

# ਪਾਠ - 1

## ਵਿਆਕਰਣ

## ਛੇਵੀਂ ਅਤੇ ਸੱਤਵੀਂ ਸ਼੍ਰੇਣੀਆਂ ਵਿਚ ਪ੍ਰਾਪਤ ਕੀਤੇ ਗਿਆਨ ਦੀ ਦੁਹਰਾਈ

**ਭਾਸ਼ਾ:**

ਜਿਨ੍ਹਾਂ ਬੋਲਾਂ ਰਾਹੀਂ ਮਨੁੱਖ ਆਪਣੇ ਮਨ ਦੇ ਭਾਵ ਲਿਖ ਕੇ ਜਾਂ ਬੋਲ ਕੇ ਪ੍ਰਗਟਾਉਂਦਾ ਹੈ, ਉਸ ਨੂੰ ਭਾਸ਼ਾ ਕਿਹਾ ਜਾਂਦਾ ਹੈ।

**ਵਿਆਕਰਣ:**

ਭਾਸ਼ਾ ਦੀ ਸ਼ੁੱਧਤਾ ਨੂੰ ਪਰਖਣ ਲਈ ਵਿਦਵਾਨਾਂ ਵੱਲੋਂ ਬਣਾਏ ਗਏ ਨਿਯਮਾਂ ਨੂੰ ਵਿਆਕਰਣ ਕਿਹਾ ਜਾਂਦਾ ਹੈ। ਵਿਆਕਰਣ ਰਾਹੀਂ ਸਾਨੂੰ ਅੱਖਰਾਂ ਤੇ ਸ਼ਬਦਾਂ ਅਤੇ ਵਾਕਾਂ ਦੇ ਸ਼ੁੱਧ, ਅਸ਼ੁੱਧ ਹੋਣ ਦਾ ਪਤਾ ਲੱਗ ਜਾਂਦਾ ਹੈ, ਜਿਵੇਂ :-

ਅਸ਼ੁੱਧ: ਮੈਂ ਵਸਨੀਕ ਹਨ ਹਰਿਆਣੇ ਦਾ।

ਸ਼ੁੱਧ: ਮੈਂ ਹਰਿਆਣੇ ਦਾ ਵਸਨੀਕ ਹਾਂ।

**ਅੱਖਰ ਜਾਂ ਵਰਣ:**

ਜੋ ਚਿੰਨ੍ਹ ਜਾਂ ਨਿਸ਼ਾਨ ਲਿਖਤ ਰੂਪ ਵਿਚ ਇਕ ਇਕੱਲੀ ਆਵਾਜ਼ ਨੂੰ ਪ੍ਰਗਟ ਕਰਦਾ ਹੈ, ਉਸ ਨੂੰ ਅੱਖਰ ਆਖਦੇ ਹਨ 'ੳ ਤੋਂ ੜ' ਤਕ ਪੈਂਤੀ ਅੱਖਰ ਹਨ। ਇਸ ਲਈ ਪੰਜਾਬੀ ਵਰਣਮਾਲਾ ਨੂੰ ਪੈਂਤੀ ਕਿਹਾ ਜਾਂਦਾ ਹੈ।

**ਲਗਾਂ:**

ਜੋ ਚਿੰਨ੍ਹ ਅੱਖਰ ਦਾ ਉਚਾਰਣ ਠੀਕ ਕਰਨ ਲਈ ਉਸ ਨਾਲ ਲਾਇਆ ਜਾਵੇ ਉਸ ਨੂੰ ਲਗਾਂ ਕਹਿੰਦੇ ਹਨ। ਪੰਜਾਬੀ ਦੀਆਂ ਦਸ ਲਗਾਂ ਹਨ।

**ਲਗਾਖਰ:**

ਜਿਹੜੇ ਚਿੰਨ੍ਹ ਅੱਖਰਾਂ ਦਾ ਉਚਾਰਨ ਠੀਕ ਕਰਨ ਲਈ ਲਗਾਂ ਤੋਂ ਪਿੱਛੋਂ (ਲਗਾਂ ਨਾਲ) ਲਗਦੇ ਹਨ, ਉਨ੍ਹਾਂ ਨੂੰ 'ਲਗਾਖਰ' ਕਿਹਾ ਜਾਂਦਾ ਹੈ। ਪੰਜਾਬੀ ਵਿਚ ਬਿੰਦੀ, ਟਿੱਪੀ ਤੇ ਅੱਧਕ ਤਿੰਨ ਲਗਾਖਰ ਹਨ।

**ਨੋਟ:** ਬਿੰਦੀ ਅਤੇ ਟਿੱਪੀ ਅਨੁਨਾਸਿਕ ਹਨ।

ਅੱਧਕ ਦੀ ਵਰਤੋਂ ਅੱਖਰ ਦੀ ਦੋਹਰੀ ਆਵਾਜ਼ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ।

**ਬਿੰਦੀ ਅਤੇ ਟਿੱਪੀ ਦੀ ਵਰਤੋਂ (ਲਗਾਂ ਨਾਲ):**

1. ਬਿੰਦੀ ਦੀ ਵਰਤੋਂ ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ ਨਾਲ ਹੁੰਦੀ ਹੈ ਜਿਵੇਂ:- ਮਾਂ, ਨੀਂਹ, ਗੇਂਦ, ਗੈਂਡਾ, ਕਦੋਂ, ਭੌਂਕ।
2. ਟਿੱਪੀ ਦੀ ਵਰਤੋਂ ਮੁਕਤਾ, ਸਿਹਾਰੀ, ਔਂਕੜ ਅਤੇ ਦੁਲੈਂਕੜ ਨਾਲ ਟਿੱਪੀ ਦੀ ਵਰਤੋਂ ਹੁੰਦੀ ਹੈ ਜਿਵੇਂ:- ਅੰਬ, ਚਿੰਤਾ, ਮੁੰਡ, ਗੂੰਦ।

ਪਰੰਤੂ 'ੳ' ਨਾਲ ਕੋਈ ਲਗ ਹੋਵੇ, ਤਾਂ ਉਸਦੇ ਉਚਾਰਨ ਲਈ ਬਿੰਦੀ ਹੀ ਲਗਦੀ ਹੈ ਜਿਵੇਂ:- ਉਂ, ਊਂ।

ਸਾਰੇ ਵਿਆਕਰਣ ਦਾ ਅਧਿਐਨ ਇਨ੍ਹਾਂ ਤਿੰਨਾਂ ਹਿੱਸਿਆਂ ਵਿਚ ਵੰਡ ਕੇ ਕੀਤਾ ਜਾਂਦਾ ਹੈ:

1. ਵਰਣ-ਬੋਧ
2. ਸ਼ਬਦ-ਬੋਧ

3. ਵਾਕ-ਬੋਧ

**ਵਰਣ ਬੋਧ :**

ਵਿਆਕਰਣ ਦੇ ਜਿਨ੍ਹਾਂ ਨਿਯਮਾਂ ਰਾਹੀਂ ਸਾਨੂੰ ਅੱਖਰਾਂ ਤੇ ਉਨ੍ਹਾਂ ਦੀ ਗਿਣਤੀ ਅਤੇ ਉਚਾਰਣ ਦਾ ਗਿਆਨ ਹੁੰਦਾ ਹੈ, ਉਸ ਨੂੰ 'ਵਰਣ-ਬੋਧ' ਆਖਿਆ ਜਾਂਦਾ ਹੈ।

**ਸ਼ਬਦ ਬੋਧ :**

ਜੋ ਵੱਖ-ਵੱਖ ਬੋਲ ਸਾਡੇ ਮੂੰਹੋਂ ਨਿਕਲ਼ ਕੇ ਸਹੀ ਅਰਥ ਜਾਂ ਭਾਵ ਪ੍ਰਗਟ ਕਰਦੇ ਹਨ, ਉਨ੍ਹਾਂ ਨੂੰ ਸ਼ਬਦ ਆਖਿਆ ਜਾਂਦਾ ਹੈ। ਇਸ ਲਈ ਸ਼ਬਦਬੋਧ ਭਾਗ ਵਿਚ ਅਰਥ ਪੂਰਣ ਸ਼ਬਦਾਂ ਦੀਆਂ ਕਿਸਮਾਂ ਤੇ ਰੂਪ ਰਚਨਾ ਦਾ ਗਿਆਨ ਹੁੰਦਾ ਹੈ।

**ਵਾਕ ਬੋਧ :**

ਵਿਆਕਰਣ ਦੇ ਜਿਸ ਭਾਗ ਵਿਚ ਸ਼ਬਦਾਂ ਤੋਂ ਵਾਕ ਬਨਾਉਣ ਦੇ ਨਿਯਮ ਦੱਸੇ ਜਾਂਦੇ ਹਨ ਅਤੇ ਵਾਕ-ਵੰਡ, ਵਾਕ ਰਚਨਾ ਅਤੇ ਵਿਸ਼ਰਾਮ 'ਚਿੰਨ੍ਹਾਂ' ਆਦਿ ਦਾ ਵਰਨਣ ਹੁੰਦਾ ਹੈ, ਉਸ ਨੂੰ ਵਾਕ ਬੋਧ ਆਖਿਆ ਜਾਂਦਾ ਹੈ।

**ਸ਼ਬਦ-ਬੋਧ :**

ਪੰਜਾਬੀ ਵਿਚ ਸ਼ਬਦਾਂ ਦੀਆਂ ਅੱਠ ਵੰਨਗੀਆਂ ਹਨ ਜੋ ਇਸ ਪ੍ਰਕਾਰ ਹਨ:

1. ਨਾਂਵ, 2. ਪੜਨਾਂਵ, 3. ਵਿਸ਼ੇਸ਼ਣ, 4. ਕਿਰਿਆ, 5. ਕਿਰਿਆ ਵਿਸ਼ੇਸ਼ਣ, 6. ਸੰਬੰਧਕ, 7. ਯੋਜਕ, 8. ਵਿਸਮਿਕ

**1. ਨਾਂਵ :**

ਜੋ ਸ਼ਬਦ ਕਿਸੇ ਵਸਤੂ, ਥਾਂ ਜਾਂ ਪੁਰਖ ਆਦਿ ਦੇ ਨਾਂ ਨੂੰ ਪ੍ਰਗਟ ਕਰਨ, ਉਨ੍ਹਾਂ ਨੂੰ ਨਾਂਵ ਆਖਿਆ ਜਾਂਦਾ ਹੈ, ਜਿਵੇਂ :- ਕਮੀਜ਼, ਪਾਠਸ਼ਾਲਾ, ਸੋਹਣ ਸਿੰਘ, ਅੰਬਾਲ਼ਾ, ਜਮਨਾ ਆਦਿ।

**2. ਪੜਨਾਂਵ :**

ਜਿਹੜੇ ਸ਼ਬਦ ਕਿਸੇ ਨਾਂ ਦੀ ਥਾਂ ਵਰਤੇ ਜਾਣ, ਉਨ੍ਹਾਂ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- ਮੈਂ, ਤੂੰ, ਉਹ, ਇਹ ਆਦਿ।

**3. ਵਿਸ਼ੇਸ਼ਣ :**

ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੇ ਗੁਣ, ਔਗੁਣ ਜਾਂ ਵਿਸ਼ੇਸ਼ਤਾ ਪ੍ਰਗਟ ਕਰਨ, ਉਨ੍ਹਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- ਪੀਲ਼ਾ ਫੁੱਲ, ਨਵਾਂ ਬਿਸਤਰਾ, ਵਿਚ 'ਨਵਾਂ' ਅਤੇ 'ਪੀਲ਼ਾ' ਸ਼ਬਦ ਵਿਸ਼ੇਸ਼ਣ ਹਨ।

**4. ਕਿਰਿਆ :**

ਜਿਨ੍ਹਾਂ ਸ਼ਬਦਾਂ ਤੋਂ ਕਾਲ ਸਹਿਤ ਕਿਸੇ ਕੰਮ ਦੇ ਕਰਨ ਜਾਂ ਹੋਣ ਦਾ ਪਤਾ ਲਗੇ, ਉਸ ਨੂੰ ਕਿਰਿਆ ਆਖਦੇ ਹਨ। ਜਿਵੇਂ :- ਰਾਮ ਨੇ ਰੋਟੀ ਖਾਧੀ। ਮੋਹਨ ਪੱਤਰ ਲਿਖੇਗਾ। ਸ਼ਾਮ ਨੇ ਪਾਣੀ ਪੀਤਾ। ਇਨ੍ਹਾਂ ਵਾਕਾਂ ਵਿਚ 'ਖਾਧੀ', 'ਲਿਖੇਗਾ' ਅਤੇ 'ਪੀਤਾ' ਸ਼ਬਦ ਕ੍ਰਿਆ ਹਨ।

**5. ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕਿਰਿਆ ਜਾਂ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦੱਸਣ, ਉਹ ਕਿਰਿਆ ਵਿਸ਼ੇਸ਼ਣ ਅਖਵਾਉਂਦੇ ਹਨ। ਜਿਵੇਂ :- ਤੇਜ ਚੱਲੋ, ਬਹੁਤ ਚੰਗਾ ਗੀਤਕਾਰ, ਦੋਹਾਂ ਵਾਕਾਂ ਵਿਚ ਤੇਜ ਅਤੇ ਬਹੁਤ ਸ਼ਬਦ ਕਿਰਿਆ ਵਿਸ਼ੇਸ਼ਣ ਹਨ।

**6. ਸੰਬੰਧਕ :**

ਜੋ ਸ਼ਬਦ ਨਾਂਵ ਜਾਂ ਪੜਨਾਂਵ ਆਦਿ ਨਾਲ ਕਿਰਿਆ ਦਾ ਸੰਬੰਧ ਪ੍ਰਗਟ ਕਰਨ ਉਹ ਸੰਬੰਧਕ ਅਖਵਾਂਦੇ ਹਨ;

ਜਿਵੇਂ :- ਨੇ, ਨੂੰ, ਤੋਂ ਦੀ, ਤਕ ਆਦਿ।

**7. ਯੋਜਕ :**

ਜਿਹੜੇ ਸ਼ਬਦ ਦੋ ਵਾਕਾਂ ਜਾਂ ਸ਼ਬਦਾਂ ਨੂੰ ਜੋੜਨ, ਉਹ ਯੋਜਕ ਅਖਵਾਂਦੇ ਹਨ; ਜਿਵੇਂ :- ਅਤੇ, ਪਰ, ਸਗੋਂ ਆਦਿ।

**8. ਵਿਸਮਿਕ :**

ਜਿਹੜੇ ਸ਼ਬਦ ਵਾਕ ਵਿਚ ਆਕੇ ਗ਼ਮੀ, ਖੁਸ਼ੀ ਜਾਂ ਅਸਚਰਜ ਨੂੰ ਪ੍ਰਗਟ ਕਰਨ ਉਹ ਵਿਸਮਿਕ ਅਖਵਾਂਦੇ ਹਨ; ਜਿਵੇਂ :- ਆਹਾ ! ਕਿੰਨਾ ਸੋਹਣਾ ਫੁੱਲ ਹੈ। ਵਾਹ-ਵਾਹ ! ਸੱਚੇ ਸਾਹਿਬ। ਦੋਹਾਂ ਵਾਕਾਂ ਵਿਚ 'ਆਹਾ' ਅਤੇ 'ਵਾਹ-ਵਾਹ' ਦੋਵੇਂ ਸ਼ਬਦ ਵਿਸਮਿਕ ਹਨ।

**ਲਿੰਗ:**

ਜਿਹੜੇ ਸ਼ਬਦ ਨਰ ਮਾਦਾ ਅਰਥਾਤ 'ਜਨਾਨੇ', 'ਮਰਦਾਨੇ' ਆਦਿ ਦੇ ਭੇਦ ਨੂੰ ਪ੍ਰਗਟ ਕਰਨ, ਉਨ੍ਹਾਂ ਨੂੰ ਲਿੰਗ ਆਖਿਆ ਜਾਂਦਾ ਹੈ ਜਿਵੇਂ:- ਕਵੀ-ਕਵਿਤਰੀ, ਪੁਰਸ਼-ਤੀਵੀਂ, ਗਊ-ਬਲ਼ਦ ਆਦਿ। ਪ੍ਰਮੁੱਖ ਤੌਰ ਤੇ ਲਿੰਗ 'ਪੁਲਿੰਗ' ਅਤੇ 'ਇਸਤਰੀ ਲਿੰਗ' ਦੋ ਪ੍ਰਕਾਰ ਦੇ ਹਨ:-

**ਪੁਲਿੰਗ:**

ਜਿਨ੍ਹਾਂ ਸ਼ਬਦਾਂ ਤੋਂ ਮਰਦਾਵੇਂ ਅਰਥਾਤ ਪੁਰਸ਼ ਨਾਵਾਂ ਦਾ ਗਿਆਨ ਹੋਵੇ, ਉਨ੍ਹਾਂ ਨੂੰ ਪੁਲਿੰਗ ਆਖਿਆ ਜਾਂਦਾ ਹੈ ਜਿਵੇਂ:- ਪ੍ਰੀਤਮ, ਪਟਵਾਰੀ, ਤੇਲੀ ਆਦਿ।

**ਇਸਤਰੀ ਲਿੰਗ:**

ਜਿਨ੍ਹਾਂ ਸ਼ਬਦਾਂ ਤੋਂ ਜਨਾਨੇ ਜਾਂ ਇਸਤਰੀ ਨਾਵਾਂ ਦਾ ਗਿਆਨ ਹੋਵੇ, ਉਨ੍ਹਾਂ ਨੂੰ ਇਸਤਰੀ ਲਿੰਗ ਆਖਦੇ ਹਨ। ਜਿਵੇਂ:- ਪੁੱਤਰੀ, ਕਬੂਤਰੀ, ਹਿਰਨੀ ਆਦਿ।

**ਕਾਰਕ:**

ਕਿਸੇ ਵਾਕ ਵਿਚ ਨਾਂਵ ਜਾਂ ਪੜਨਾਂਵ ਦਾ ਜੋ ਸਬੰਧ ਕਿਰਿਆ ਨਾਲ ਹੁੰਦਾ ਹੈ, ਉਸ ਨੂੰ ਪ੍ਰਗਟ ਕਰਨ ਵਾਲੇ ਉਸ ਨਾਂਵ ਜਾਂ ਪੜਨਾਂਵ ਦੇ ਵੱਖੋ ਵੱਖਰੇ ਰੂਪਾਂ ਨੂੰ ਕਾਰਕ ਆਖਦੇ ਹਨ।

ਕਾਰਕ ਅੱਠ ਪ੍ਰਕਾਰ ਦੇ ਹੁੰਦੇ ਹਨ:

| | |
|---|---|
| 1. ਕਰਤਾ | 2. ਕਰਮ |
| 3. ਕਰਣ | 4. ਸੰਪਰਦਾਨ |
| 5. ਅਪਾਦਾਨ | 6. ਸੰਬੰਧ |
| 7. ਅਧਿਕਰਣ | 8. ਸੰਬੋਧਨ |

**1. ਕਰਤਾ ਕਾਰਕ :**

ਕਿਸੇ ਕੰਮ ਦੇ ਕਰਨ ਵਾਲ਼ੇ ਨੂੰ ਪ੍ਰਗਟਾਉਣ ਵਾਲ਼ਾ ਨਾਂਵ ਜਾਂ ਪੜਨਾਂਵ ਕਰਤਾ ਅਖਵਾਂਉਂਦਾ ਹੈ। ਜਿਵੇਂ:- ਸੰਤੋਖ ਨੇ ਸਲੇਟ ਤੇ ਲਿਖਿਆ। ਮਾਂ ਰੋਟੀ ਪਕਾਉਂਦੀ ਹੈ, ਵਿਚ 'ਮਾਂ' ਅਤੇ 'ਸੰਤੋਖ' ਕਰਤਾ ਕਾਰਕ ਹਨ।

**2. ਕਰਮ ਕਾਰਕ :**

ਜੋ ਨਾਂਵ ਜਾਂ ਪੜਨਾਂਵ ਅਜਿਹੀ ਵਸਤੂ ਲਈ ਆਏ, ਜਿਸ ਉੱਤੇ ਕੰਮ ਹੁੰਦਾ ਹੋਵੇ, ਉਹ ਕਰਮ ਅਖਵਾਂਉਂਦਾ ਹੈ। ਜਿਵੇਂ:- ਗੁਰੂ ਜੀ ਨੇ ਸਤੀਸ਼ ਨੂੰ ਪੜ੍ਹਾਇਆ, ਪੁਲਿਸ ਨੇ ਚੋਰ ਫੜ ਲਿਆ, ਵਿਚ ਸਤੀਸ਼ ਤੇ ਚੋਰ ਦੋਵੇਂ ਸ਼ਬਦ ਕਰਮ ਕਾਰਕ ਹਨ। ਇਸਦਾ ਚਿੰਨ੍ਹ 'ਨੂੰ' ਹੈ।

**3. ਕਰਣ ਕਾਰਕ :**

ਜਿਹੜੇ ਸ਼ਬਦ ਕਿਸੇ ਕੰਮ ਦੇ ਹੋਣ ਦਾ ਸਾਧਨ ਜਾਂ ਵਸੀਲਾ ਦੱਸਣ, ਉਹ ਕਰਣ ਕਾਰਕ ਹੁੰਦੇ ਹਨ ਜਿਵੇਂ:- ਡਾਕ ਰਾਹੀਂ ਭੇਜੋ। ਰਾਮ ਨੇ ਬਾਣ ਨਾਲ ਰਾਵਣ ਨੂੰ ਮਾਰਿਆ। ਇਨ੍ਹਾਂ ਵਾਕਾਂ ਵਿਚ 'ਰਾਹੀਂ', 'ਨਾਲ' ਕਰਣ ਕਾਰਕ ਹਨ। ਅਜਿਹੇ ਨਾਂਵਾਂ ਨਾਲ਼ 'ਨਾਲ਼', 'ਰਾਹੀਂ' ਆਦਿ ਸੰਬੰਧਕ ਲਗਾਏ ਜਾਂਦੇ ਹਨ।

**4. ਸੰਪਰਦਾਨ ਕਾਰਕ :**

ਵਾਕ ਵਿਚ ਕਿਰਿਆ ਤੋਂ ਪ੍ਰਗਟ ਹੋਣ ਵਾਲਾ ਕੰਮ ਜਿਸ ਵਾਸਤੇ ਕੀਤਾ ਜਾਵੇ, ਉਸ ਨੂੰ ਸੰਪਰਦਾਨ ਕਾਰਕ ਆਖਦੇ ਹਨ। ਜਿਵੇਂ:- ਰਮੇਸ਼ ਲਈ ਖਾਣਾ ਤਿਆਰ ਕਰੋ, ਪਿਤਾ ਜੀ ਵਾਸਤੇ ਚਾਹ ਤਿਆਰ ਕਰੋ। ਇਸ ਵਿਚ ਰਮੇਸ਼ ਅਤੇ ਪਿਤਾ ਜੀ ਸੰਪਰਦਾਨ ਕਾਰਕ ਹਨ। ਅਜਿਹੇ ਨਾਂਵ ਨਾਲ 'ਵਾਸਤੇ' ਅਤੇ 'ਲਈ' ਆਦਿ ਸ਼ਬਦ ਆਉਂਦੇ ਹਨ।

**5. ਅਪਾਦਾਨ ਕਾਰਕ :**

ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦਾ ਕੰਮ ਹੋਵੇ, ਉਸਨੂੰ ਪ੍ਰਗਟ ਕਰਨ ਵਾਲੇ ਨਾਂਵ ਦਾ ਕਾਰਕ ਅਪਾਦਾਨ ਕਾਰਕ ਅਖਵਾਂਉਂਦਾ ਹੈ। ਜਿਵੇਂ:- ਨਿਰਮਲਾ ਤੋਂ ਦੁਆਤ ਲੈ ਆਉ, ਉਹ ਗੱਡੀਉਂ ਬਾਹਰ ਗਿਆ, ਇਨ੍ਹਾਂ ਵਾਕਾਂ ਵਿਚ 'ਨਿਰਮਲਾ' ਅਤੇ 'ਗਡੀਉਂ' ਦੋਵੇਂ ਸ਼ਬਦ ਅਪਾਦਾਨ ਕਾਰਕ ਹਨ। ਇਨ੍ਹਾਂ ਨਾਲ 'ਤੋਂ', 'ਉਂ' ਸੰਬੰਧਕ ਲੱਗਦੇ ਹਨ।

**6. ਸੰਬੰਧ ਕਾਰਕ :**

ਜਦੋਂ ਕਿਸੇ ਨਾਂਵ ਦਾ ਕਿਸੇ ਹੋਰ ਨਾਂਵ ਨਾਲ ਕਬਜ਼ਾ, ਮਲਕੀਅਤ ਦਾ ਸੰਬੰਧ ਹੋਵੇ, ਅਜਿਹਾ ਸੰਬੰਧ ਪ੍ਰਗਟ ਕਰਨ ਵਾਲੇ ਸ਼ਬਦ ਸੰਬੰਧਕ ਹੁੰਦੇ ਹਨ। ਇਨ੍ਹਾਂ ਵਿਚੋਂ ਪਹਿਲੇ ਨੂੰ, ਜੋ ਮਾਲਕ ਜਾਂ ਮੁੱਖ ਵਸਤੂ ਪ੍ਰਗਟ ਕਰਦਾ ਹੈ, ਸੰਬੰਧੀ ਆਖਦੇ ਹਨ ਅਤੇ ਦੂਜੇ ਨੂੰ ਜੋ ਮਾਲਕੀ ਵਿਚ ਆਈ ਵਸਤੂ ਨੂੰ ਪ੍ਰਗਟ ਕਰੇ, 'ਸੰਬੰਧਮਾਨ' ਕਹਿੰਦੇ ਹਨ। ਜਿਵੇਂ:- ਮੁੰਡਿਆਂ ਦੀ ਗੇਂਦ, ਬੰਦਿਆਂ ਦੀ ਰੋਟੀ, ਬਿੱਲੀ ਦੇ ਬੱਚੇ, ਇਨ੍ਹਾਂ ਵਾਕਾਂ ਵਿਚ 'ਮੁੰਡਿਆਂ', 'ਬੰਦਿਆਂ' ਤੇ 'ਬਿੱਲੀ' ਸੰਬੰਧੀ ਹਨ ਅਤੇ 'ਗੇਂਦ', 'ਰੋਟੀ' ਤੇ 'ਬੱਚੇ' ਸੰਬੰਧਮਾਨ ਹਨ।

**7. ਅਧਿਕਰਣ ਕਾਰਕ :**

ਜਿਸ ਦੇ ਆਸਰੇ ਕੰਮ ਹੋਵੇ ਜਾਂ ਜਿਸ ਜਗ੍ਹਾ ਕੰਮ ਹੋਵੇ, ਉਸਨੂੰ ਪ੍ਰਗਟ ਕਰਨ ਵਾਲੇ ਸ਼ਬਦ ਅਧਿਕਰਣ ਕਾਰਕ ਹੁੰਦੇ ਹਨ। ਜਿਵੇਂ:- ਸਕੂਲ ਵਿਚ ਸੈਂਕੜੇ ਵਿਦਿਆਰਥੀ ਪੜ੍ਹਦੇ ਹਨ। ਕਮਰੇ ਅੰਦਰ ਹਨੇਰਾ ਹੈ, 'ਸਕੂਲ' ਅਤੇ 'ਕਮਰਾ' ਦੋਵੇਂ ਅਧਿਕਰਣ ਹਨ। ਅਧਿਕਰਣ ਕਾਰਕ ਦੇ 'ਵਿਚ', 'ਅੰਦਰ', 'ਉੱਤੇ', 'ਕੋਲ਼', 'ਪਾਸ' ਸੰਬੰਧਕ ਚਿੰਨ੍ਹ ਹਨ।

**8. ਸੰਬੋਧਨ ਕਾਰਕ :**

ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਨੂੰ ਸੰਬੋਧਨ ਕਰਦੇ ਹਨ, ਸੱਦ ਜਾਂ ਆਵਾਜ਼ ਮਾਰਦੇ ਹਨ ਉਨ੍ਹਾਂ ਨੂੰ ਸੰਬੋਧਨ ਕਾਰਕ ਆਖਦੇ ਹਨ। ਜਿਵੇਂ 'ਰਾਮ'! ਮੇਹਰ ਕਰੀਂ। ਉਏ ਮੁੰਡਿਆ! ਕੀ ਕਰਦਾ ਹੈਂ? ਇਨ੍ਹਾਂ ਵਾਕਾਂ ਵਿਚ 'ਰਾਮ' ਤੇ 'ਮੁੰਡਿਆ' ਦੋਵੇਂ ਸ਼ਬਦ ਸੰਬੋਧਨ ਕਾਰਕ ਹਨ।

**ਕਿਰਿਆ-ਵਿਸ਼ੇਸ਼ਣ:**

ਜੋ ਸ਼ਬਦ ਕਿਰਿਆ ਜਾਂ ਵਿਸ਼ੇਸ਼ਣ ਦੇ ਅਰਥਾਂ ਵਿਚ ਵਿਸ਼ੇਸ਼ਤਾ ਦੱਸਣ ਜਾਂ ਜੋ ਕਿਸੇ ਕਿਰਿਆ ਦੀ ਵਿਸ਼ੇਸ਼ਤਾ ਦੱਸਣ ਉਹ ਕਿਰਿਆ ਵਿਸ਼ੇਸ਼ਣ ਕਹੇ ਜਾਂਦੇ ਹਨ। ਕਿਰਿਆ ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹਨ:-

1. ਕਾਲ ਵਾਚਕ
2. ਸਥਾਨ ਵਾਚਕ
3. ਪ੍ਰਭਾਵ ਵਾਚਕ
4. ਪਰਿਮਾਣ ਵਾਚਕ
5. ਸੰਖਿਆ ਵਾਚਕ
6. ਨਿਰਣਾ ਵਾਚਕ
7. ਕਾਰਕ ਵਾਚਕ
8. ਤਾਕੀਦ ਵਾਚਕ

**1. ਕਾਲ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕੰਮ ਦੇ ਹੋਣ ਦਾ ਸਮਾਂ ਦੱਸਣ, ਉਹ ਕਾਲ ਵਾਚਕ ਕਿਰਿਆ ਵਿਸ਼ੇਸ਼ਣ ਅਖਵਾਉਂਦੇ ਹਨ। ਜਿਵੇਂ:- ਫੇਰ, ਅੱਜ, ਕਲ੍ਹ ਆਦਿ।

**2. ਸਥਾਨ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕੰਮ ਦੇ ਹੋਣ ਦਾ ਥਾਂ ਦੱਸਣ, ਉਹ ਸਥਾਨ ਵਾਚਕ ਕਿਰਿਆ ਵਿਸ਼ੇਸ਼ਣ ਹੁੰਦੇ ਹਨ। ਜਿਵੇਂ:- ਕਿੱਧਰ, ਕਿੱਥੇ, ਓਧਰ, ਓਥੇ, ਇਧਰ, ਅੰਦਰ, ਬਾਹਰ ਆਦਿ।

**3. ਪ੍ਰਕਾਰ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕੰਮ ਦੇ ਹੋਣ ਦਾ ਢੰਗ ਦੱਸਣ, ਉਹ ਪ੍ਰਕਾਰ ਵਾਚਕ ਕਿਰਿਆ ਵਿਸ਼ੇਸ਼ਣ ਹੁੰਦੇ ਹਨ। ਜਿਵੇਂ:- ਏਦਾਂ, ਛੇਤੀ, ਸਹਿਜੇ, ਹੌਲ਼ੀ-ਹੌਲ਼ੀ, ਇਸ ਤਰ੍ਹਾਂ, ਜਿਸ ਤਰ੍ਹਾਂ ਆਦਿ।

**4. ਪਰਿਮਾਣ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕੰਮ ਦੇ ਹੋਣ ਦੀ ਮਾਤਰਾ ਜਾਂ ਅੰਦਾਜ਼ਾ ਦੱਸਣ, ਉਹ ਪਰਿਮਾਣ ਵਾਚਕ ਕਿਰਿਆ ਵਿਸ਼ੇਸ਼ਣ ਅਖਵਾਉਂਦੇ ਹਨ। ਜਿਵੇਂ:- ਜਿੰਨ੍ਹਾਂ, ਉਨ੍ਹਾਂ, ਨਿਰਾਪੁਰਾ, ਥੋੜ੍ਹਾ, ਬਹੁਤਾ, ਕੁਝ, ਕੇਵਲ ਆਦਿ।

**5. ਸੰਖਿਆ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕੰਮ ਦੇ ਹੋਣ ਦੀ ਗਿਣਤੀ ਆਦਿਕ ਦੱਸਣ ਉਹ ਸੰਖਿਆ ਵਾਚਕ ਕਿਰਿਆ ਵਿਸ਼ੇਸ਼ਣ ਅਖਵਾਉਂਦੇ ਹਨ। ਜਿਵੇਂ:- ਬਰਾਬਰ, ਪੰਜਵਾਰ, ਦੁਬਾਰਾ, ਇਕੇਰਾਂ, ਕਈ ਵਾਰ, ਘੜੀ-ਮੁੜੀ, ਵਾਰ-ਵਾਰ ਆਦਿ।

**6. ਨਿਰਣਾ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕੰਮ ਦੇ ਹੋਣ ਜਾਂ ਨਾ ਹੋਣ ਬਾਰੇ ਨਿਰਣਾ ਕਰਨ, ਉਹ ਨਿਰਣਾ ਵਾਚਕ ਕਿਰਿਆ ਵਿਸ਼ੇਸ਼ਣ ਅਖਵਾਉਂਦੇ ਹਨ। ਜਿਵੇਂ:- ਜੀ ਹਾਂ, ਨਾ, ਠੀਕ ਨਹੀਂ, ਸਤਿ ਵਚਨ, ਬਹੁਤ ਅੱਛਾ ਆਦਿ।

**7. ਕਾਰਕ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਵਿਸ਼ੇਸ਼ਣ ਦੇ ਰੂਪ ਵਿਚ ਕਿਸੇ ਕੰਮ ਦੇ ਹੋਣ ਦਾ ਕਾਰਨ ਦੱਸਣ, ਉਹ ਕਾਰਕ ਵਾਚਕ ਕਿਰਿਆ ਵਿਸ਼ੇਸ਼ਣ ਅਖਵਾਉਂਦੇ ਹਨ। ਜਿਵੇਂ:- ਇਸ ਲਈ, ਕਿਉਂਕਿ, ਇਸ ਵਾਸਤੇ, ਤਦੇ ਤਾਂ ਆਦਿ।

**8. ਤਾਕੀਦ ਵਾਚਕ ਕਿਰਿਆ ਵਿਸ਼ੇਸ਼ਣ :**

ਜਿਹੜੇ ਸ਼ਬਦ ਕਿਰਿਆ ਵਿਸ਼ੇਸ਼ਣ ਦੇ ਰੂਪ ਵਿਚ ਕੰਮ ਦੇ ਹੋਣ ਦੀ ਤਾਕੀਦ ਕਰਨ, ਉਹ ਤਾਕੀਦ ਵਾਚਕ ਕਿਰਿਆ ਵਿਸ਼ੇਸ਼ਣ ਅਖਵਾਉਂਦੇ ਹਨ। ਜਿਵੇਂ:- ਹਾਂ, ਤਕ, ਵੀ, ਤਾਂ ਵੀ, ਠੀਕ, ਜ਼ਰੂਰ, ਬਿਲਕੁਲ ਆਦਿ।

## ਅਭਿਆਸ

1. ਵਿਆਕਰਣ ਕਿਸ ਨੂੰ ਕਹਿੰਦੇ ਹਨ ?
2. ਕਿਰਿਆ ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ ਤੇ ਨਾਲ ਹੀ ਉਸ ਦੇ ਭੇਦ ਲਿਖੋ।
3. ਕਾਰਕਾਂ ਦੀ ਪਰਿਭਾਸ਼ਾ ਅਤੇ ਪ੍ਰਕਾਰ ਲਿਖੋ।
4. ਇਨ੍ਹਾਂ ਸ਼ਬਦਾਂ ਦੇ ਲਿੰਗ ਬਦਲੋ: ਹਾਣੀ, ਗਾਂ, ਚੰਗਾ, ਕੁੱਤਾ।